# ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਐਡ.-1 ਸਮੈਸਟਰ ਦੂਜਾ

ਪੇਪਰ : ਅੱਠਵਾਂ (ਸੋਸ਼ੋਲੋਜਿਕਲ ਪ੍ਰਾਸਪੈਕਟਿਵ ਇਨ ਐਜੂਕੇਸ਼ਨ)

ਮੀਡੀਅਮ : ਪੰਜਾਬੀ ਯੂਨਿਟ : 1

ਪਾਠ ਨੰ. ***Lesson Updated in January, 2026***

1.1. ਸਿੱਖਿਅਕ ਸਮਾਜ ਸ਼ਾਸਤਰ: ਪ੍ਰਕਿਰਤੀ ਅਤੇ ਖੇਤਰ

1.2. ਸਭਿਆਚਾਰ: ਸੰਕਲਪ, ਵਿਸ਼ੇਸ਼ਤਾਵਾਂ, ਸੰਸਕ੍ਰਿਤੀ-ਗ੍ਰਹਿਣਤਾ ਅਤੇ ਸੰਸਕ੍ਰਿਤੀਕਰਨ, ਪ੍ਰਚਾਰ

1.3. ਸਮਾਜਿਕ ਦਰਜਾਬੰਦੀ ਜਾਂ ਸਮਾਜਿਕ ਸਤਰੀਕਰਨ

**website : www.pbidde.org**

## SEMESTER – II

## PAPER –VIII: SOCIOLOGICAL PERSPECTIVE IN EDUCATION

**SUBJECT CODE:** EDUBED1201T

Max. Marks: 100
External: 70
Internal: 30

### (A) COURSE OUTCOMES

After completion of the course, the student teacher will be able to:

- Know and understand the concept, scope and approaches of sociology.
- Understand the concept and characteristics of culture and related concept such as, acculturation and enculturation and propaganda.
- Understand the Social and religious Stratification in Indian society and related issues such as caste, class, gender, social versus natural inequality.
- Understand the concept of inequality in education, access and steps undertaken at the national level for removal of educational inequalities.
- Understand the concept and importance of Sustainable development and its awareness through education.
- Understand the concept of education for 21st century and four pillars of education as per (Delor's Commission (1996).

### (B) SYLLABUS

**SECTION - A**

(i) Sociology of education: concept, scope and approaches

(ii) Culture: concept, characteristics, acculturation and enculturation, propaganda

(iii) Social Stratification : caste, class, gender, religious stratification in Indian society; Social versus natural inequality.

**SECTION -B**

(iv) Education: inequality of access and opportunity for education; steps undertaken at the national level for removal of educational inequalities during the current five year plan

(v) Sustainable development: concept, importance and its awareness through education

(vi) Education for 21st century - the four pillars of education (Delor's Commission (1996)

**Activities** (Any one of the following)

(i) Discussion on role of culture in social change.

(ii) Report on different types of disparities in Indian society.

(iii) Evaluation of Right to Education Act-2009 in any one School.

Head,
Department of Education & C.S.,
Punjabi University, Patiala

## (C) BOOKS RECOMMENDED

1. Nandra, I. D. S. (2019). *Sociological Perspectives in Education.* Mazaffarnagar, Uttar Pradesh: Bookman Publication.
2. Gawande, A. (2021). *Sociological Perspectives of Education in India.* Pune: Nirali Prakashan.
3. Mishra, N. (2021). *Sociological Perspectives of Education.* Lucknow: Thakur Publication Pvt. Ltd.
4. Mathur, S. S. (2021). *Shiksha ke Samajashastriya Pariprekshya (Sociological Perspectives of Education)* Agra, Uttar Pradesh: Shri Vinod Pustak Mandir.
5. Ball, Stephen, J (1990). *Politics and Policy-making in Education: Explorations in Political Sociology.* London: Routledge.
6. Bruner, J.C (1997). *The Culture and Education,* London: Harvard University Press.
7. Friere, Paulo (1972). *Pedagogy of the Oppressed.* Harmond worth: Penguin.
8. Gandhi, M.K (1962). *The Problem of Education,* Ahmadabad: Navajivan Publishing House.
9. Sen, Amartya (1999). *Development as Freedom.* Oxford: Clarendon.
10. Hurn, C.J. (1993). *Limits and Possibilities of Schooling: An Introduction to theSociology of Education.* Boston: Allyn and Bacon.
11. Pandey,K,P.(2007). *Perspectives in Social Foundations of Education.* Delhi:Shipra
12. Singharoy,D.K.(Ed.). (2010). *Interrogating Social Development.* Delhi: Manohar

## (D) EVALUATION

| | |
|---|---|
| External Examination | 70 |
| Time | 3 Hrs |
| Internal Assessment | 30 |
| Attendance | 6 |
| Written Assignment / Project work/ Response Sheet | 12 |
| Two Mid-term Examinations/ House Test | 12 |

## (E) INSTRUCTIONS FOR THE PAPER-SETTER

The question paper will consist of three Sections: A, B, and C. Section A and B will have four questions from the respective sections of the syllabus and will carry 12 marks each. Section C will consist of 11 questions of 2 marks each which will cover the entire syllabus uniformly and carry 22 marks in all.

## (F) INSTRUCTIONS FOR THE CANDIDATES

Candidates are required to attempt two questions each from the sections A and B and the entire section C.

Head,
Department of Education & C.S.,
Punjabi University, Patiala

ਬੀ.ਐਡ. ਭਾਗ-ਪਹਿਲਾ (ਸਮੈਸਟਰ ਦੂਜਾ) ਪਰਚਾ ਅੱਠਵਾਂ

ਸਿੱਖਿਅਕ ਸਮਾਜ ਸ਼ਾਸਤਰ : ਪ੍ਰਕਿਰਤੀ ਅਤੇ ਖੇਤਰ

ਪਾਠ ਨੰ : 1.1 ਲੇਖਿਕਾ : ਡਾ. ਹਰਿੰਦਰ ਕੌਰ ਸੋਢੀ

## ਪਾਠ ਦੀ ਬਣਤਰ


1.1.1 ਉਦੇਸ਼

1.1.2 ਜਾਣਕਾਰੀ

1.1.3 ਸਿੱਖਿਅਕ ਸਮਾਜ-ਸ਼ਾਸਤਰ ਦੇ ਸੰਕਲਪ, ਪ੍ਰਕ੍ਰਿਤੀ ਅਤੇ ਖੇਤਰ

1.1.4 ਸਿੱਖਿਅਕ ਸਮਾਜ ਸ਼ਾਸਤਰ ਦੀ ਪਹੁੰਚ

1.1.5 ਸਾਰ

1.1.6 ਮੁੱਖ ਸੰਕਲਪ

1.1.7 ਸੁਝਾਏ ਪ੍ਰਸ਼ਨ

1.1.8 ਸਵੈ ਮੁਲਾਂਕਣ

1.1.9 ਸੁਝਾਈਆਂ ਪੁਸਤਕਾਂ


### 1.1.1 ਉਦੇਸ਼ (Objectives)

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ

(1) ਸਿੱਖਿਅਕ ਸਮਾਜ-ਸ਼ਾਸਤਰ ਦੇ ਸੰਕਲਪਾਂ ਨੂੰ ਸਮਝ ਲੈਣਗੇ।

(2) ਸਿੱਖਿਅਕ ਸਮਾਜ ਸ਼ਾਸਤਰ ਦੇ ਖੇਤਰ ਤੋਂ ਜਾਣੂ ਹੋ ਜਾਣਗੇ।

### 1.1.2 ਜਾਣਕਾਰੀ (Introduction)

ਸਿੱਖਿਆ ਉਹ ਕ੍ਰਿਆ ਹੁੰਦੀ ਹੈ ਜੋ ਕਿ ਸਮਾਜ ਵਿਚ ਵਿਚਰਦੀ ਹੈ। ਇਸ ਦੀਆਂ ਵਿਧੀਆਂ ਅਤੇ ਟੀਚੇ ਉਸ ਸਮਾਜ ਉੱਪਰ ਨਿਰਭਰ ਹੁੰਦੇ ਹਨ ਜਿਸ ਵਿਚ ਉਹ ਵਾਪਰਦੀ ਹੈ ਸਿੱਖਿਆ, ਵਿਅਕਤੀ ਦੇ ਆਪਣੇ ਆਪ ਨੂੰ ਅਤੇ ਉਸ ਦੇ ਸਮਾਜਿਕ ਪੱਖ ਨੂੰ ਅਨੁਸ਼ਾਸਿਤ ਕਰਨ ਲਈ ਅਤੇ ਮਹੱਤਵਪੂਰਨ ਪੱਖ ਨੂੰ ਇਕਾਗਰ ਕਰਕੇ ਤੇ ਮਿਲਾ ਕੇ ਇਕ ਇਕਾਈ ਵਿਚ ਲੈ ਆਉਂਦੀ ਹੈ। ਦੂਸਰੇ ਪਾਸੇ ਮੈਨਹਮ ਸਿੱਖਿਆ ਨੂੰ ਹੀ ਸੰਸਕ੍ਰਿਤੀ ਸਿਰਫ਼ ਦੇ ਸੂਖ਼ਮ ਵਿਚਾਰਾਂ ਨੂੰ ਸਮਝਣ ਦੇ ਯੋਗ ਨਹੀਂ ਸਮਝਦਾ। ਉਸ ਅਨੁਸਾਰ ਸਿੱਖਿਆ ਨੂੰ ਉਸ ਸਮੇਂ ਹੀ ਸਮਝਿਆ ਜਾ ਸਕਦਾ ਹੈ ਜਦੋ ਤੁਸੀਂ ਇਹ ਜਾਣਦੇ ਹੋਵੋ ਕਿ ਕਿਸ ਸਮਾਜ ਵਿਚ ਵਿਦਿਆਰਥੀ ਦੇ ਕਿਸ ਪੱਧਰ ਨੂੰ ਸਿੱਖਿਅਤ ਕਰਨਾ ਹੁੰਦਾ ਹੈ।

### 1.1.3 ਸਿੱਖਿਅਕ ਸਮਾਜ-ਸ਼ਾਸਤਰ ਦੇ ਸੰਕਲਪ ਅਤੇ ਪ੍ਰਕ੍ਰਿਤੀ (Concept and Nature of Educational Sociology)

ਸਮਾਜ ਸ਼ਾਸਤਰ ਸਮਾਜ ਦਾ ਅਧਿਐਨ ਕਰਦਾ ਹੈ। ਇਸ ਦਾ ਮੂਲ ਮਨੋਰਥ ਇਨਸਾਨਾਂ ਦੇ ਸਮਾਜਕ ਸੰਬੰਧਾਂ ਦਾ ਅਧਿਐਨ ਕਰਨਾ ਹੁੰਦਾ ਹੈ। ਇਸ ਵਿਚ ਸੰਬੰਧਤ ਹੁੰਦੇ ਹਨ ਸਮਾਜਿਕ ਢਾਂਚਾ ਅਤੇ ਸੰਗਠਨ । ਸਮਾਜਿਕ ਗਰੁੱਪਾਂ ਦਾ ਆਪਸੀ ਮੇਲ ਤੇ ਸਮਾਜਕ ਨਿਯੰਤਰਨ ਦੇ ਸਾਧਨ। ਇਸ ਪ੍ਰਕਾਰ ਵਿਦਿਅਕ ਸਮਾਜ ਸ਼ਾਸਤਰ ਰਾਹੀਂ ਵਿਅਕਤੀ ਤੇ ਸਮਾਜ ਦੇ ਆਪਸੀ ਸੰਬੰਧਾਂ ਦਾ ਅਧਿਐਨ ਕੀਤਾ ਜਾਂਦਾ ਹੈ। ਸਿੱਖਿਅਕ ਸਮਾਜ ਸ਼ਾਸਤਰ ਦੀ ਪ੍ਰੀਭਾਸ਼ਾ ਵਿਚ ਸਮਾਜਿਕ ਵਿਚਾਰਾਂ ਅਤੇ ਸਮਾਜਿਕ ਵਿਗਿਆਨਕ ਵਿਸ਼ਲੇਸ਼ਣਾ ਜਿਨ੍ਹਾਂ ਦੇ ਘੇਰੇ ਵਿਚ ਸਮਾਜਿਕ ਸਿਸਟਮ ਵੀ ਆ ਜਾਂਦਾ ਹੈ। ਬਰੂਕਨਰ ਅਤੇ ਗੌਟਲਾਈਡ ਅਨੁਸਾਰ, " ਇਸ ਦਾ ਇਹ ਭਾਵ ਹੁੰਦਾ ਹੈ ਕਿ ਸਿੱਖਿਆ ਸਮਾਜਿਕ ਕ੍ਰਿਆਵਾਂ ਦਾ ਸੰਗ੍ਰਹਿ ਹੁੰਦਾ ਹੈ। ਰਸਮੀ ਅਤੇ ਗੈਰ-ਰਸਮੀ ਦੋਹਾਂ ਪ੍ਰਸਥਿਤੀਆਂ ਵਿਚ ਸਿੱਖਿਆ ਦੀਆਂ ਕ੍ਰਿਆਵਾਂ ਜਾਰੀ ਰਹਿੰਦੀਆਂ ਹਨ। ਜਦੋਂ ਸਮਾਜ ਸ਼ਾਸਤਰ ਸਿੱਖਿਆ ਦੇ ਖੇਤਰ ਵਿਚ ਆਪਣਾ ਯੋਗਦਾਨ ਪਾਉਂਦਾ ਹੈ, ਤਾਂ ਸਿੱਖਿਆ ਸਮਾਜ ਸ਼ਾਸਤਰ ਨੂੰ ਤਜਰਬਿਆਂ ਰਾਹੀਂ ਤਰੱਕੀ ਕਰਨ ਦੇ ਰਾਹ ਦਰਸਾਉਂਦੀ ਹੈ। ਸਿੱਖਿਆ ਦਾ ਸਿਸਟਮ ਉਨ੍ਹਾਂ ਪ੍ਰਸਥਿਤੀਆਂ ਨੂੰ ਦਰਸਾਉਂਦਾ ਹੈ ਜਿਨ੍ਹਾਂ ਵਿਚ ਕਿ ਇਨਸਾਨਾਂ ਦੀਆਂ ਸਮੱਸਿਆਵਾਂ ਨੂੰ ਗੰਭੀਰ ਬਣਾਏ ਬਿਨ੍ਹਾ ਤਜ਼ਰਬੇ ਕੀਤੇ ਜਾ ਸਕਦੇ ਹਨ। ਇਸ ਪ੍ਰਕਾਰ ਸਿੱਖਿਅਕ ਸਮਾਜ ਸ਼ਾਸਤਰ ਵਿਸ਼ਲੇਸ਼ਣ ਕਰਦਾ ਹੈ ਉਨ੍ਹਾਂ ਸਮਾਜ ਦੀਆਂ ਵਿਧੀਆਂ

ਦਾ ਜੋ ਕਿ ਸਿੱਖਿਅਕ ਸੰਸਥਾਵਾਂ ਵਿਚ ਵਾਪਰਦੀਆਂ ਹਨ, ਸਹੀ ਮੁੱਦਾ ਗਰੁੱਪ ਪ੍ਰਕ੍ਰਿਆ ਅਤੇ ਸਮਾਜਿਕ ਮੇਲਜੋਲ, ਜੋ ਕਿ ਸਿੱਖਿਅਕ ਸੰਸਥਾਵਾਂ ਦੇ ਨਾਲ ਹੈ ਨੂੰ ਪੜ੍ਹਣ ਦੀ ਲੋੜ ਤੇ ਜ਼ੋਰ ਦਿੰਦਾ ਹੈ। ਮੈਨੀਹਮ ਨੇ ਅਧਿਆਪਕ ਪ੍ਰਸਿਕਸ਼ਨ ਪ੍ਰੋਗਰਾਮ ਵਿਚ ਦਰਜ਼ ਕਰਨ ਲਈ ਤਿੰਨ ਪ੍ਰਕਾਰ ਦੇ ਕੋਰਸਾਂ ਦੀ ਰੂਪ ਰੇਖਾ ਬਣਾਈ ਹੈ ਜੋ ਕਿ ਇਸ ਪ੍ਰਕਾਰ ਹੈ।

(1) ਸਿੱਖਿਆ ਪ੍ਰਦਾਨ ਕਰਨ ਵਾਲੇ ਲਈ ਸਮਾਜ ਸ਼ਾਸਤਰ

(2) ਸਿੱਖਿਆ ਦਾ ਸਮਾਜ ਸ਼ਾਸਤਰ

(3) ਪੜ੍ਹਾਉਣ ਦਾ ਸਮਾਜ ਸ਼ਾਸਤਰ

ਸਿੱਖਿਅਕ ਸਮਾਜ ਸ਼ਾਸਤਰ ਮੂਲ ਰੂਪ ਵਿਚ ਸੰਬੰਧ ਰੱਖਦਾ ਹੈ ਸਕੂਲ ਵਿਚ ਸਮਾਜਿਕ ਆਲੇ ਦੁਆਲੇ ਦੇ ਨਾਲ ਤਾਂ ਕਿ ਸਕੂਲ ਦਾ ਵਾਤਾਵਰਨ ਸਾਫ਼ ਹੋਵੇ ਅਤੇ ਸੰਸਥਾਵਾਂ ਦਾ ਸਮਾਜਿਕ ਜੀਵਨ ਸੁਧਰੇ।

ਸਿੱਖਿਆ ਦੇ ਸਮਾਜ ਸ਼ਾਸਤਰ ਵਿਚ ਸ਼ਾਮਲ ਹੁੰਦਾ ਹੈ ਸਿੱਖਿਅਕ ਸੰਸਥਾਵਾਂ ਤੇ ਸਮਾਜ ਦੇ ਦੂਸਰੇ ਅੰਗਾਂ ਦੇ ਨਾਲ ਮਿਲ ਕੇ ਚਲਣ ਦਾ ਵਿਸ਼ਲੇਸ਼ਣ। ਇਹ ਵਿਸ਼ਲੇਸ਼ਣ ਕਈ ਟੁਕੜਿਆਂ ਵਿਚ ਕੀਤਾ ਜਾ ਸਕਦਾ ਹੈ ਜਿਨ੍ਹਾਂ ਵਿਚ ਸ਼ਾਮਲ ਹੁੰਦੇ ਹਨ (1) ਸੰਸਕ੍ਰਿਤੀ ਵਿਚ ਸਿੱਖਿਆ ਦਾ ਕਰਤੱਵ (2) ਸਿੱਖਿਅਕ ਪ੍ਰਣਾਲੀ ਦਾ ਸਮਾਜਿਕ ਪ੍ਰਣਾਲੀ ਅਤੇ ਸ਼ਕਤੀ ਪ੍ਰਣਾਲੀ ਨਾਲ ਸੰਬੰਧ (3) ਸਮਾਜਿਕ ਤੇ ਸੰਸਕ੍ਰਿਤਕ ਪ੍ਰੀਵਰਤਨ ਵਿਚ ਸਿੱਖਿਅਕ ਪ੍ਰਣਾਲੀ ਦੇ ਕਾਰਜ (4) ਸਿੱਖਿਆ ਦੀ ਸਮਾਜਿਕ ਸ਼੍ਰੇਣੀ ਤੇ ਰੁਤਬੇ ਨਾਲ ਸੰਬੰਧ।

ਇਕ ਵਿਦਿਆਰਥੀ ਸਕੂਲ ਵਿਚ ਕਈਆਂ ਅਧਿਆਪਕਾਂ ਦੇ ਸੰਬੰਧ ਵਿਚ ਆਉਂਦਾ ਹੈ ਅਤੇ ਅਧਿਆਪਕ ਵੀ ਕਈਆਂ ਵਿਦਿਆਰਥੀਆਂ ਨੂੰ ਮਿਲਦਾ ਹੈ ਉਹ ਹਰ ਇਕ ਨਾਲ ਸੰਬੰਧ ਬਣਾਉਂਦਾ ਹੈ। ਇਨ੍ਹਾਂ ਸੰਬੰਧਾਂ ਦਾ ਆਪਸੀ ਸੰਬੰਧ ਹੁੰਦਾ ਹੈ ਕਿਉਂਕਿ ਅਧਿਆਪਕ ਦਾ ਕੰਮ ਹੁੰਦਾ ਹੈ ਕਿ ਵਿਦਿਆਰਥੀ ਨੂੰ ਸਿੱਖਿਅਤ ਕਰੇ। ਇਸ ਵਿਚਲੇ ਕੰਮਾਂ ਨੂੰ ਕਰਨ ਦੀ ਵਿਧੀ ਵਿਚ ਸੰਬੰਧ ਬਣ ਜਾਂਦੇ ਹਨ। ਇਸ ਲਈ ਇਨ੍ਹਾਂ ਨੂੰ ਆਪਸ ਵਿਚ ਮਿਲੀਆਂ ਜੁਲੀਆਂ ਕ੍ਰਿਆਵਾਂ ਕਿਹਾ ਜਾਂਦਾ ਹੈ। ਅਸੀਂ ਉਸ ਸਿਸਟਮ ਨੂੰ ਆਪਸੀ ਸੰਬੰਧਾਂ ਦੇ ਸਮਾਜਿਕ ਸੰਬੰਧ ਕਹਿੰਦੇ ਹਾਂ ਜੋ ਕਿ ਵਿਅਕਤੀ ਵਿਚ ਅਤੇ ਕਈ ਹੋਰ ਸਮਾਜਿਕ ਪ੍ਰਸਥਿਤੀਆਂ ਤੇ ਸਮਾਜਿਕ ਕ੍ਰਿਆਵਾਂ ਵਿਚ ਬਣਦੇ ਹਨ ਜੋ ਕਿ ਵਿਅਕਤੀ ਅਤੇ ਕਈ ਹੋਰਾਂ ਨਾਲ ਅੰਤਰ ਸੰਬੰਧਿਤ ਹੁੰਦੇ ਹਨ। ਅਧਿਆਪਕ ਦਾ ਸਮਾਜਿਕ ਰੋਲ ਵਿਦਿਆਰਥੀ ਦੇ ਸਮਾਜਿਕ ਰੋਲ ਨਾਲੋਂ ਵੱਖਰਾ ਹੁੰਦਾ ਹੈ। ਇਨ੍ਹਾਂ ਰੋਲਾਂ ਦਾ ਵਿਸ਼ਲੇਸ਼ਣ ਵੀ ਸਿੱਖਿਆ ਦੇ ਸਮਾਜ ਸ਼ਾਸਤਰ ਨੂੰ ਸਪੱਸ਼ਟ ਕਰਦਾ ਹੈ।

**ਸਿੱਖਿਅਕ ਸਮਾਜ ਸ਼ਾਸਤਰ ਦਾ ਖੇਤਰ:** ਵਿਸਥਾਰ ਸਹਿਤ ਕਿਹਾ ਜਾਵੇ ਤਾਂ ਸਿੱਖਿਆਕ ਸਮਾਜ ਸ਼ਾਸਤਰ ਵਿਚ ਰਾਜਨੀਤਿਕ, ਆਰਥਿਕ, ਵਿਗਿਆਨ, ਤਕਨੀਕੀ ਅਤੇ ਦਾਰਸ਼ਨਿਕ ਵਿਕਾਸ ਆਉਂਦੇ ਹਨ। ਸਿਖਿਅਕ ਸਮਾਜ ਸ਼ਾਸਤਰ ਦਾ ਘੇ ਰਾ ਬਹੁਤ ਵਿਸ਼ਾਲ ਹੈ। ਮੌਰਿਸ ਜਿਨਸਬਰਗ ਅਨੁਸਾਰ: ਸਿੱਖਿਅਕ ਸਮਾਜ ਸ਼ਾਸਤਰ ਸਮੱਸਿਆਵਾਂ ਦਾ ਅਧਿਐਨ ਕਰਦਾ ਹੈ। (1) ਮਨੁੱਖੀ ਜਨਸੰਖਿਆਂ ਅਤੇ ਗੁਣਾਤਮਕ ਅਧਿਐਨ, (2) ਕਾਨੂੰਨ, ਕਦਰਾਂ, ਰੀਤੀ ਰਿਵਾਜ, ਅਦਾਲਤਾਂ, ਪੁਲਿਸ, ਸੈਨਾ, ਧਰਮਾਂ, ਨੈਤਿਕਤਾ ਆਦਿ, (3) ਵਿਅਕਤੀ ਅਤੇ ਸਮੂਹ ਦੀਆਂ ਗਤੀਵਿਧੀਆਂ ਅਤੇ ਮਾਡਲ ਦਾ ਸੰਬੰਧ , (4) ਡਕੈਤੀ, ਅਪਰਾਧ, ਵਿਰੋਧਤਾ, ਲੜਾਈ ਝਗੜੇ ਆਦਿ। ਡੌਡਸਨ ਅਨੁਸਾਰ: ਸਿੱਖਅਕ ਸਮਾਜ ਸ਼ਾਸਤਰ ਦਾ ਰਾਜ ਇਸਦੇ ਪ੍ਰਭਾਵਾਂ ਸਮੇਤ ਹੈ। (1) ਸਾਰੇ ਸੰਸਕ੍ਰਿਤਿਕ ਕਾਰਜ (2) ਸਕੂਲ ਦਾ ਖੇਤਰ ਉਪਜ। ਇਹ ਸਾਰੇ ਖੇਤਰ ਆਪਣੇ ਆਪ ਦੇ ਵਿਚ ਬਹੁਤ ਵਿਸ਼ਾਲ ਹਨ। ਸਾਰੀਆਂ ਸੰਸਥਾਵਾਂ ਜਿਨ੍ਹਾਂ ਦੇ ਵਿਚ ਅਧਿਆਪਕ, ਵਿਦਿਆਰਥੀ ਅਤੇ ਪ੍ਰਬੰਧ ਜਿਹੜੇ ਸਮਾਜ ਦੇ ਕਿਸੇ ਸੰਸਥਾ ਦੇ ਨਾਲ ਜੁੜੇ ਹਨ। ਉਨ੍ਹਾਂ ਦਾ ਆਪਸ ਦੇ ਵਿਚ ਸੰਬੰਧ, ਵਿਗਿਆਨ ਜਾਂ ਸਿਖਿਆਂ ਸਮਾਜ ਸ਼ਾਸਤਰ ਦੇ ਘੇਰੇ ਵਿਚ ਸ਼ਾਮਲ ਹਨ।

ਇਸ ਤਰ੍ਹਾਂ ਇਸ ਸਮਾਜ ਤੋ ਸਪੱਸਟ ਹੁੰਦਾ ਹੈ ਕਿ ਸਿੱਖਿਆ ਦਾ ਕੋਈ ਵੀ ਤੱਤ ਅਜਿਹਾ ਨਹੀ ਹੈ ਜਿਹੜਾ ਵਿਦਿਅਕ ਸਮਜ ਸ਼ਾਸਤਰ ਦੇ ਘੇਰੇ ਵਿਚ ਸ਼ਾਮਿਲ ਨਾ ਹੋਵੇ।

### 1.1.4 ਸਿੱਖਿਅਕ ਸਮਾਜ-ਸ਼ਾਸਤਰ ਦੀ ਪਹੁੰਚ ਹੇਠ ਲਿਖੇ ਅਨੁਸਾਰ ਹੈ (Functionalism and Structural Approach)

ਉਹ ਸਾਰੀਆਂ ਸਮਾਜਿਕ ਸੰਸਥਾਵਾਂ ਨੂੰ ਇਕੱਠ ਦੇ ਤੌਰ ਤੇ ਬਿਆਨ ਕਰਦਾ ਹੈ, ਜਿਹੜੀਆਂ ਕਿ ਵਿਅਕਤੀਗਤ ਅਤੇ ਸਮਾਜਿਕ ਲੋੜਾਂ ਨੂੰ ਪੂਰੀਆਂ ਕਰਨ ਦੇ ਸਮਰੱਥ ਹੁੰਦੀਆਂ ਹਨ। ਸਮਾਜ ਵਿਗਿਆਨ ਵਿੱਚ Functionalism ਦਾ ਘੇਰਾ ਬਹੁਤ ਵਿਸ਼ਾਲ ਹੈ। ਕਾਰਜ ਦੇ ਅਧਾਰ ਤੇ Functionalism ਸਮਾਜ ਨੂੰ ਇੱਕ ਵੱਡੇ ਅਦਾਰੇ ਦੇ ਰੂਪ ਵਿੱਚ ਬਿਆਨ ਕਰਦਾ ਹੈ।

ਜਿਸ ਵਿੱਚ ਸਮਾਜ ਦੇ ਸਾਰੇ ਰੀਤੀ-ਰਿਵਾਜ, ਬੰਧਸ਼ਾ, ਨਿਯਮ ਅਤੇ ਸੰਸਥਾਵਾਂ ਸ਼ਾਮਲ ਹੁੰਦੀਆਂ ਹਨ। Functionalism ਦਾ ਸਿਧਾਂਤ ਉਨੀਵੀਂ ਸਦੀ ਵਿੱਚ Comte (ਕਮਾਟੇ) ਦੇ ਉਰਗੇਨਿਜ਼ਮ (Organicism) ਵਿੱਚੋਂ ਨਿਕਲ ਕੇ ਆਇਆ ਹੈ। Functionalism ਨੇ ਕੁੱਝ ਸਿਧਾਂਤ ਦੁਰਖੀਮ (Emile Durkhism) ਦੇ ਵਿਚਾਰਾਂ ਤੋਂ ਵੀ ਪ੍ਰਭਾਵਿਤ ਹਨ। ਜਿਸ ਅਨੁਸਾਰ, ਪੁਰਾਣੀ ਸਮਾਜਿਕ ਵਿਵਸਥਾ ਵਿੱਚ ਸਮਾਜ ਦੇ ਲੋਕ ਬਹੁਤ ਛੋਟੇ-ਛੋਟੇ ਸਮੂਹਾਂ ਵਿੱਚ ਰਹਿੰਦੇ ਸਨ, ਜਿੱਥੇ ਉਹ ਬਹੁਤ ਮਜ਼ਬੂਤ ਪਰਿਵਾਰਕ ਸੰਘ ਵਿੱਚ ਰਹਿ ਕੇ ਆਪਣੇ ਰੋਜ਼ਾਨਾ ਦੇ ਕਾਰਜ ਕਰਦੇ ਸਨ। ਉਹਨਾਂ ਵਿੱਚ ਆਪਸੀ ਸਹਿਯੋਗ ਅਤੇ ਵਟਾਂਦਰੇ ਦੀ ਭਾਵਨਾ ਵੀ ਹੁੰਦੀ ਸੀ। ਪਰੰਤੂ ਅਜੋਕੀ ਸਮਾਜਿਕ ਵਿਵਸਥਾ ਇਸ ਦੇ ਉਲਟ ਸਾਰੀਆਂ ਬੰਧਸ਼ਾਂ ਤੋੜ ਕੇ ਕੇਵਲ ਜ਼ਰੂਰਤਾਂ ਤੱਕ ਹੀ ਇੱਕ ਦੂਜੇ ਤੇ ਨਿਰਭਰ ਹਨ ਅਤੇ ਆਪਸੀ ਸਹਿਯੋਗ ਵੀ ਪਹਿਲਾਂ ਦੇ ਮੁਕਾਬਲੇ ਘੱਟ ਗਿਆ ਹੈ।

ਇਸ ਤਰ੍ਹਾਂ *Functionalist* ਸੋਚ ਸਮਾਜ ਦੇ ਵਰਤਾਰੇ ਦੀ ਇੱਕ ਦੂਜੇ ਤੇ ਨਿਰਭਰਤਾ ਨੂੰ ਧਿਆਨ ਵਿੱਚ ਰੱਖ ਕੇ ਸਮੇਂ-ਸਮੇਂ ਤੇ ਆਉਂਦੇ ਬਦਲਾਵਾਂ ਬਾਰੇ ਦੱਸਦੀ ਹੈ। ਇਸ ਤਰ੍ਹਾਂ *functionalism* ਸਮਾਜਿਕ ਅਦਾਰਿਆਂ ਨੂੰ ਉਹਨਾਂ ਦੇ ਕਾਰਜਾਂ ਦੇ ਅਧਾਰ ਤੇ ਬਿਆਨ ਕਰਦਾ ਹੈ ਅਤੇ ਦੱਸਦਾ ਹੈ ਕਿ ਸਮਾਜ ਕੀ ਹੈ? ਸਮਾਜ ਕਿੱਥੋਂ ਤੱਕ ਸਥਾਈ ਹੈ? ਇਸ ਦੇ ਅਦਾਰਿਆਂ ਦੇ ਕੀ ਕੰਮ ਹਨ ਅਤੇ ਕੀ ਹੋਣੇ ਚਾਹੀਦੇ ਹਨ?

**Criticism of Functionalism**

Functionalism Approach (ਫੰਕਸ਼ਨਲਿਜ਼ਮ ਅਪਰੋਚ) ਵਿਧੀ ਨੂੰ ਬਹੁਤ ਸਾਰੇ ਤੱਤਾਂ ਦੇ ਆਧਾਰ 'ਤੇ ਅਲੋਚਨਾ ਦਾ ਵਿਸ਼ਾ ਬਣਾਇਆ ਗਿਆ ਹੈ। ਇਸ ਵਿਧੀ ਨੇ ਵਿਅਕਤੀਗਤ ਕਾਰਜ ਅਤੇ ਸਮਾਜਿਕ ਬਦਲਾਵ ਬਾਰੇ ਕੋਈ ਬਹੁਤੇ ਸਿਧਾਂਤ ਪੇਸ਼ ਨਹੀਂ ਕੀਤੇ ਹਨ। ਕੁਝ ਅਲੋਚਕਾਂ ਅਨੁਸਾਰ ਸਮਾਜ ਦੇ ਜੀਵਤ ਰਹਿਣ ਦਾ ਕਾਰਨ ਹੀ ਵਿਅਕਤੀ ਹਨ ਅਤੇ ਇਹਨਾਂ ਵਿਅਕਤੀਆਂ ਦੇ ਕਾਰਜ ਤੋਂ ਬਿਨ੍ਹਾਂ ਸਮਾਜ ਨਿਰਜੀਵ ਹੈ। ਇਸ ਤੋਂ ਇਲਾਵਾ ਸਮਾਜਿਕ ਬਦਲਾਵ ਬਾਰੇ ਵੀ ਗੱਲ ਨਹੀਂ ਕੀਤੀ ਗਈ। ਕੇਵਲ ਸਮਾਜਿਕ ਅਦਾਰਿਆਂ ਬਾਰੇ ਗੱਲ ਕੀਤੀ ਜੋ, ਕਿ ਸਮੇਂ ਦੇ ਨਾਲ-ਨਾਲ ਪੁਰਾਣੇ ਅਦਾਰੇ ਖਤਮ ਹੋ ਜਾਂਦੇ ਹਨ ਅਤੇ ਨਵੇਂ ਅਦਾਰੇ ਸਮਾਜ ਵਿੱਚ ਸ਼ਾਮਲ ਹੋ ਜਾਂਦੇ ਹਨ ਅਤੇ Functionalism ਇਸ ਪੱਖ ਤੋਂ ਅਸਮਰੱਥ ਰਿਹਾ ਹੈ ਕਿ ਸਮਾਜਿਕ ਬਦਲਾਵ ਕਿਵੇਂ ਆਉਂਦਾ ਹੈ।

**Structural Functionalism**

ਇਹ Approach (ਵਿਧੀ) ਸਮਾਜ ਨੂੰ ਬਹੁਤ ਵਿਸ਼ਾਲ ਪੱਧਰ ਤੇ ਬਿਆਨ ਕਰਦੀ ਹੈ। ਜਿਸ ਵਿੱਚ ਸਮਾਜ ਨੂੰ ਗੁੰਝਲਦਾਰ ਦੱਸਦਿਆਂ ਇਸ ਦੇ ਸਾਰੇ ਪੱਖ ਇੱਕ ਦੂਜੇ ਲਈ ਕੰਮ ਕਰਦੇ ਹਨ। ਇਸ ਅਨੁਸਾਰ ਰੀਤੀ-ਰਿਵਾਜਾਂ ਅਤੇ ਨਿਯਮਾਂ ਨੂੰ ਚਲਦੇ ਰੱਖਣ ਲਈ ਕੀਤੇ ਜਾਣ ਵਾਲੇ ਕੰਮਾਂ ਤੇ ਧਿਆਨ ਦਿੱਤਾ ਜਾਂਦਾ ਹੈ। ਇਹ ਵਿਚਾਰ 1940-1950 ਦੇ ਦਹਾਕਿਆਂ ਵਿੱਚ ਬਹੁਤ ਉਚਾਈ 'ਤੇ ਪਹੁੰਚਿਆਂ ਪਰ 1960 ਦੇ ਦਹਾਕੇ ਤੱਕ ਇਹ ਵਿਚਾਰ ਖਤਮ ਹੋਣ ਦੀ ਕਗਾਰ 'ਤੇ ਸੀ।

Criticism of Structural Functionalism (ਸਟਰਕਚਰਲ ਫੰਕਸ਼ਨਲਿਜ਼ਮ ਦੀ ਅਲੋਚਨਾ)

1960 ਦੇ ਦਹਾਕੇ ਵਿੱਚ ਇਸ ਵਿਚਾਰ ਦੀ ਅਲੋਚਨਾ ਕੀਤੀ ਗਈ ਕਿਉਂਕਿ ਇਹ ਸਮਾਜਿਕ ਬਦਲਾਵ ਲਿਆਉਣ ਵਿੱਚ ਅਸਮਰਥ ਰਿਹਾ ਸੀ।

**ਪਾਰਸਨ(Parson) ਸਿਧਾਂਤ** ਨੂੰ ਵੀ ਬਦਲਾਵ ਕਿਹਾ ਹੈ ਪਰ ਉਹ ਕੇਵਲ ਸਮਾਜਿਕ ਕ੍ਰਮ ਵੀ ਹੈ।

**1I) Conflict Theory Approach**

Conflict Theories (ਟਾਕਰੇ ਦੀਆਂ ਵਿਧੀਆਂ) ਸਮਾਜ ਵਿਗਿਆਨ ਅਤੇ ਸਮਾਜਕ ਮਨੋਵਿਗਿਆਨ ਦੇ ਹੀ ਅੰਗ ਹਨ, ਜਿਹੜੇ ਕਿ ਸਮਾਜਿਕ ਸਮੂਹਾਂ ਵਿੱਚ ਰਾਜਨੀਤਿਕ, ਸਮਾਜਿਕ ਅਤੇ ਵਸਤੂਗਤ ਨਾ ਬਰਾਬਰਤਾ ਬਾਰੇ ਵਿਚਾਰ ਕਰਦੀ ਹੈ। ਇਹ ਸਿਧਾਂਤ ਲੋਕਾਂ ਦੇ ਸੁਭਾਅ, ਵਿਚਾਰਾਂ, ਜਾਤ ਦੇ ਵਖਰੇਵਿਆਂ ਉੱਤੇ ਅਧਾਰਿਤ ਹੈ। ਇੱਕ 'ਉਦਾਹਰਨ' ਅਨੁਸਾਰ ਕਿਸੇ ਸਕੂਲ ਵਿੱਚ ਵਰਗੀਕਰਨ ਨੂੰ ਹੀ ਲੈ ਲਿਆ ਜਾਵੇ ਤਾਂ ਅਧਿਆਪਕਾਂ ਅਨੁਸਾਰ ਜਿਹੜੇ ਵਿਦਿਆਰਥੀ ਪੜ੍ਹਨ ਅਤੇ ਹਿਸਾਬ ਵਿੱਚ ਚੰਗੇ ਹਨ, ਉਹਨਾਂ ਨੂੰ ਅਲੱਗ ਕਰ ਲਿਆ ਗਿਆ ਅਤੇ ਹੋਲੀ ਕੰਮ ਕਰਨ ਵਾਲੇ ਵਿਦਿਆਰਥੀਆਂ ਨੂੰ ਦੂਜੇ ਵਰਗੀਕਰਨ ਵਿੱਚ ਰੱਖਿਆ ਗਿਆ। ਇਸ ਅਨੁਸਾਰ ਤੇਜ਼ ਬੁੱਧੀ ਵਾਲੇ ਵਿਦਿਆਰਥੀਆਂ ਨੂੰ ਵੱਧ-ਤੋਂ ਵੱਧ ਸਿੱਖਣ ਦਾ ਮੋਕਾ ਮਿਲਿਆ। ਪਰ Conflict Theory (ਟਾਕਰੇ ਦਾ ਸਿਧਾਂਤ) ਅਨੁਸਾਰ ਇਸ ਵਿਧੀ ਨੇ ਵਿਦਿਆਰਥੀਆਂ ਦੀ ਆਪਸੀ ਵੰਡ ਕਰ ਦਿੱਤੀ ਅਤੇ ਉਹਨਾਂ ਨੂੰ ਤੇਜ਼ ਅਤੇ ਹੋਲੀ ਯਾਦ ਰਖਣ ਦੇ ਸਮਰੱਥ ਵਰਗੇ ਵਰਗੀਕਰਨਾਂ ਵਿੱਚ ਵੰਡ ਦਿੱਤਾ, ਜਿਸ ਦਾ ਮਾੜਾ ਪ੍ਰਭਾਵ ਹੋਲੀ ਯਾਦ ਕਰਨ ਵਾਲੇ ਵਿਦਿਆਰਥੀਆਂ ਤੇ ਪਿਆ ਅਤੇ ਉਹਨਾਂ ਦਾ ਆਤਮ-ਵਿਸ਼ਵਾਸ ਘੱਟਣਾ ਸ਼ੁਰੂ ਹੋ ਗਿਆ।

ਇੱਕ ਹੋਰ ਖੋਜ ਅਨੁਸਾਰ ਅਧਿਆਪਕਾਂ ਦੀ ਕਾਰਜ ਕੁਸ਼ਲਤਾ ਵੀ ਵਿਦਿਆਰਥੀਆਂ ਦੇ ਕੰਮ ਨੂੰ ਪ੍ਰਭਾਵਤ ਕਰਦੀ ਹੈ ਜੇ ਵਿਦਿਆਰਥੀਆਂ ਨੂੰ ਤੇਜ਼ ਅਤੇ ਹੋਲੀ ਟ੍ਰੈਕ, ਵਿੱਚ ਵੰਡ ਦਿੱਤਾ ਜਾਵੇ ਤਾਂ ਉਹਨਾਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਦਾ ਉਹਨਾਂ ਨਾਲ ਵੱਧ ਜਾਂ ਘੱਟ ਸਮਾਂ ਬਿਤਾਉਣਾ ਵੀ ਵਿਦਿਆਰਥੀਆਂ ਦੀ ਕਾਰਜ ਕੁਸ਼ਲਤਾ ਨੂੰ ਪ੍ਰਭਾਵਿਤ ਕਰਦਾ ਹੈ।

## III Interactionism or Symbolic Interactivism Approach

ਇਹ ਉਹ ਵਰਤਾਰਾ ਹੈ ਜੋ ਕਿ ਵਿਅਕਤੀਗਤ ਆਪਸੀ ਵਿਚਾਰ-ਵਟਾਦਰਾਂ ਤੋਂ ਉਪਜਦਾ ਹੈ। ਇਹ ਆਪਸੀ ਗੱਲਬਾਤ ਦਾ ਇੱਕ ਅਜਿਹਾ ਸਾਧਨ ਹੈ ਜਿਸ ਵਿੱਚ ਦੋ ਜਾਂ ਦੋ ਤੋਂ ਵੱਧ ਲੋਕਾਂ ਦੇ ਆਪਸੀ ਵਿਚਾਰ ਸਾਂਝੇ ਕਰਨ ਦੀ ਪ੍ਰਕਿਰਿਆ ਅਤੇ ਉਸ ਤੇ ਅਮਲ ਕਰਕੇ ਉਸ ਵਾਤਾਵਰਨ ਵਿੱਚ ਘੁਲ-ਮਿਲ ਜਾਣ ਦੀ ਪ੍ਰਕਿਰਿਆ ਨੂੰ ਸ਼ਾਮਲ ਕੀਤਾ ਜਾਂਦਾ ਹੈ। ਇਹ ਵਿਧੀ ਅਲੱਗ-ਅਲੱਗ ਵਿਅਕਤੀਆਂ ਦੀ ਸਮਾਜਿਕ ਭੂਮਿਕਾ ਅਤੇ ਉਹਨਾ ਦੀ ਸਖਸ਼ੀਅਤ ਬਾਰੇ ਵਿਚਾਰ ਕਰਦੀ ਹੈ। ਇਸ ਵਿਧੀ ਨੂੰ ਆਪਣੇ ਅੰਦਰ ਝਾਤ ਪਾਉਣ (Looking glass self) ਦੀ ਵਿਧੀ ਵੀ ਕਿਹਾ ਜਾਂਦਾ ਹੈ। ਕਿਉਂਕਿ ਜਦੋਂ ਵਿਅਕਤੀ ਦੂਸਰੇ ਵਿਅਕਤੀ ਨਾਲ ਗੱਲ-ਬਾਤ ਕਰਕੇ, ਆਪਣੇ ਆਪ ਬਾਰੇ ਉਸਦੇ ਵਿਚਾਰ ਸਮਝਦਾ ਹੈ ਤਾਂ ਉਸਨੂੰ ਆਪਣੇ ਸੁਭਾਅ ਦੀਆਂ ਕਮੀਆਂ ਅਤੇ ਗੁਣਾਂ ਬਾਰੇ ਸਮਝ ਆਉਣੀ ਸ਼ੁਰੂ ਹੋ ਜਾਂਦੀ ਹੈ ਅਤੇ ਉਹ ਆਪਣੇ ਸੁਭਾਅ ਨੂੰ ਵੀ ਚੰਗਾ ਬਣਾਉਣ ਦੀ ਕੋਸ਼ਿਸ਼ ਕਰਦਾ ਹੈ।

### Criticism

ਇਸ ਵਿਧੀ ਨੂੰ ਖੋਜ-ਪ੍ਰਕ੍ਰਿਆ ਅਤੇ ਤਰਤੀਬ ਰਹਿਤ ਹੋਣ ਕਰਕੇ ਅਲੋਚਨਾ ਦਾ ਵਿਸ਼ਾ ਬਣਾਇਆ ਜਾਂਦਾ ਹੈ। ਇਸ ਤੋਂ ਇਲਾਵਾ ਇਸ ਵਿਧੀ ਨੂੰ ਬਾਰ-ਬਾਰ ਟੈਸਟ (Test) ਕਰਨਾ ਵੀ ਔਖਾ ਹੈ ਕਿਉਂਕਿ ਹਰ ਵਾਰ ਇਕੋ ਜਿਹੇ ਨਤੀਜੇ ਮਿਲਣੇ ਅਸੰਭਵ ਹਨ। ਇਸ ਤੋ ਇਲਾਵਾ ਇਸ ਵਿਧੀ ਰਾਹੀਂ ਮਨੁੱਖ ਸਮਾਜਿਕ ਖੇਤਰਾਂ ਵਿੱਚ ਲੋੜ ਅਨੁਸਾਰ ਆਪਣਾ ਵਰਤਾਰਾ ਬਦਲਦਾ ਰਹਿੰਦਾ ਹੈ ਅਤੇ ਉਸ ਦੀ ਅਸਲੀ ਸਖ਼ਸ਼ੀਅਤ ਉਭਰ ਕੇ ਸਾਹਮਣੇ ਨਹੀਂ ਆਉਂਦੀ।

### 1.1.5 ਸਾਰ (Summary) :

ਸਿੱਖਿਆ ਸਮਾਜ ਸ਼ਾਸਤਰ ਦੀ ਖੋਜ ਦੇ ਕਾਰਨ ਤੇ ਵਿਦਿਆ ਦੇ ਖੇਤਰ ਵਿੱਚ ਕੀਤੀਆਂ ਹੋਈਆਂ ਘਾਲਣਾ ਦੇ ਕਾਰਨ ਵਿਦਿਆ ਦੇ ਖੇਤਰ ਵਿੱਚ ਕੋਈ ਵੀ ਅਜਿਹਾ ਖੇਤਰ ਨਹੀਂ ਹੈ ਜਿਸ ਉਪਰ ਸਮਾਜੀਕਰਨ ਦਾ ਪੂਰਨ ਪ੍ਰਭਾਵ ਨਾ ਹੋਵੇ। ਆਧੁਨਿਕ ਸਿੱਖਿਆ ਵਿੱਚ ਸਕੂਲ ਨੂੰ ਸਮਾਜ ਦਾ ਛੋਟਾ ਰੂਪ ਸਮਝਣਾ ਪਾਠਕ੍ਰਮ ਦੇ ਖੇਤਰ ਨੂੰ ਫੈਲਾਉਣਾ ਅਤੇ ਵਿਅਕਤੀ ਤੇ ਸਮਾਜ ਦੇ ਅਧਿਕਾਰਾਂ ਨੂੰ ਸੰਤੁਲਤ ਕਰਨਾ, ਸਮਾਜ ਸ਼ਾਸਤਰੀ ਦ੍ਰਿਸ਼ਟੀਕੋਣ ਨੂੰ ਹੀ ਦਰਸਾਉਂਦਾ ਹੈ, ਸਮਾਜ-ਸ਼ਾਸਤਰੀ ਅੰਦੋਲਨ ਸਮੁੱਚੇ ਸਮਾਜ ਦੇ ਸੁਧਾਰ ਦੇ ਨਾਲ ਹੀ ਸੰਬੰਧਤ ਹੈ। ਇਸ ਤੋਂ ਅੰਤਰ ਇਹ ਨਿਕਲਦਾ ਹੈ ਕਿ ਸਿੱਖਿਆ ਸਮਾਜ ਸ਼ਾਸਤਰ ਇਕ ਵਿਆਪਕ ਵਿਸ਼ਾ ਹੈ ਜਿਸਦੇ ਬਹੁਮੁੱਖੀ ਪੱਖ ਹਨ। ਇਹ ਕਹਿਣਾ ਬਿਲਕੁਲ ਠੀਕ ਹੈ ਕਿ ਸਿੱਖਿਆ ਦੇ ਸਾਰੇ ਪ੍ਰਸ਼ਨ ਅਖੀਰ ਸਮਾਜ-ਸ਼ਾਸਤਰ ਦੇ ਹੀ ਪ੍ਰਸ਼ਨ ਹਨ।

### 1.1.6 ਮੁੱਖ ਸੰਕਲਪ:

1. ਸਿੱਖਿਅਕ ਸਮਾਜ ਸ਼ਾਸ਼ਤਰ- ਇਹ ਸਿੱਖਿਅਕ ਸਮਾਜਕ ਕ੍ਰਿਆਵਾ ਦਾ ਸੰਗ੍ਰਹਿ ਹੈ। ਇਸ ਵਿਚ ਰਸਮੀ ਅਤੇ ਗੈਰ ਰਸਮੀ ਦੋਹਾ ਪ੍ਰਥਿਤੀਆਂ ਵਿਚ ਸਿੱਖਿਆ ਦੀਆਂ ਕ੍ਰਿਆਵਾਂ ਜਾਰੀ ਰਹਿੰਦੀਆਂ ਹਨ।

### 1.1.7 ਸੁਝਾਏ ਪ੍ਰਸ਼ਨ (Suggested Questions) :

1 ਸਿਖਿੱਅਕ ਸਮਾਜ ਸ਼ਾਸਤਰ ਦੇ ਸੰਕਲਪ ਅਤੇ ਪ੍ਰਵਿਰਤੀ ਬਾਰੇ ਚਰਚਾ ਕਰੋ।

2 ਸਿੱਖਿਅਕ ਸਮਾਜ ਸ਼ਾਸਤਰ ਦੀ ਪਹੁੰਚ ਦੀ ਚਰਚਾ ਕਰੋ।

### 1.1.8 ਸਵੈ ਮੁਲਾਂਕਣ

1. ਸਮਾਜ ਸਾਸਤਰ..........ਦਾ ਅਧਿਐਨ ਕਰਦਾ ਹੈ।
2. Social conflict theory ਦੇ ਪਿਤਾਮਾ............. ਹਨ।
3. ਸਿੱਖਿਅਕ ਸਮਾਜ ਸਾਸਤਰ ਦਾ ਇਸਦੇ............ ਸਮੇਤ ਕੰਮ ਕਰਦਾ ਹੈ।
4. Social interaction theory ਦਾ ਮੁੱਖ ਉਦੇਸ ਦੂਜਿਆ ਨਾਲ..........ਕਰਨਾ ਹੈ।

ਉਤਰ 1. ਸਮਾਜ 2. ਕਾਰਲ ਮਾਰਕਸ 3. ਪ੍ਰਭਾਵਾਂ 4. ਗੱਲਬਾਤ।

### 1.1.9 ਸੁਝਾਈਆਂ ਪੁਸਤਕਾਂ (Suggested Books) :

| | | |
|---|---|---|
| 1 | ਸੋਸ਼ੋਲੋਜ਼ੀਕਲ ਅਪਰੋਚ ਟੂ ਇੰਡੀਅਨ ਐਜੂਕੇਸ਼ਨ : | ਐਸ਼ ਐਸ਼ ਮਾਥੁਰ |
| 2 | ਫ਼ਿਲਾਸਫ਼ੀਕਲ ਐਂਡ ਸੋਸ਼ੋਲੋਜ਼ੀਕਲ ਫਾਊਂਡੇਸ਼ਨਜ਼ ਆਫ਼ ਐਜੂਕੇਸ਼ਨ : | ਡਾ਼ ਟੀ਼ ਐਸ਼ ਸੋਢੀ ਅਤੇ ਡਾ਼ ਅਰੂਣਾ ਸੂਰੀ |
| 3 | ਪਰਸਪੈਕਟਿਵ ਇਨ ਸੋਸ਼ੋਲੋਜ਼ੀਕਲ ਫਾਊਂਡੇਸ਼ਨ ਆਫ਼ ਐਜੂਕੇਸ਼ਨ : | ਕੇ਼ ਪੀ਼ ਪਾਂਡੇ |
| 4 | ਸਿੱਖਿਆ ਦੇ ਦਾਰਸ਼ਨਿਕ ਅਤੇ ਸਮਾਜਿਕ ਆਧਾਰ: | ਡਾ.ਟੀ.ਐਸ.ਸੋਢੀ ਅਤੇ ਡਾ. ਹਰਿੰਦਰ ਕੌਰ ਸੋਢੀ |

ਪਾਠ ਨੰ: 1.2 ਲੇਖਿਕਾ: ਨਵਨੀਤ ਕੌਰ

## ਸਭਿਆਚਾਰ : ਸੰਕਲਪ, ਵਿਸ਼ੇਸ਼ਤਾਵਾਂ, ਸੰਸਕ੍ਰਿਤੀ-ਗ੍ਰਹਿਣਤਾ ਅਤੇ ਸੰਸਕ੍ਰਿਤੀਕਰਨ, ਪ੍ਰਚਾਰ

**ਪਾਠ ਦੀ ਬਣਤਰ**

1.2.1 ਪਾਠ ਦੇ ਉਦੇਸ਼
1.2.2 ਪਾਠ ਦੀ ਭੂਮਿਕਾ
1.2.3 ਸਭਿਆਚਾਰ ਦਾ ਅਰਥ
1.2.4 ਸਭਿਆਚਾਰ ਦਾ ਸੰਕਲਪ
1.2.5 ਸਭਿਆਚਾਰ ਦੀਆਂ ਵਿਸੇਸ਼ਤਾਵਾਂ
1.2.6 ਸੰਸਕ੍ਰਿਤੀ-ਗ੍ਰਹਿਣਤਾ ਅਤੇ ਸੰਸਕ੍ਰਿਤੀਕਰਨ ਦੀ ਭੂਮਿਕਾ
1.2.7 ਸੰਸਕ੍ਰਿਤੀ-ਗ੍ਰਹਿਣਤਾ ਅਤੇ ਸੰਸਕ੍ਰਿਤੀਕਰਨ ਦੀ ਮਹੱਤਤਾ
1.2.8 ਸੰਸਕ੍ਰਿਤੀਕਰਣ ਦੀਆਂ ਵਿਸੇਸਤਾਵਾਂ
1.2.9 ਪ੍ਰਚਾਰ ਅਤੇ ਸਭਿਆਚਾਰ
1.2.10 ਪਾਠ ਦਾ ਸਾਰ
1.2.11 ਮੁੱਖ ਬਿੰਦੂ
1.2.12 ਸੁਝਾਏ ਪ੍ਰਸਨ
1.2.13 ਸਵੈ ਮੁਲਾਂਕਣ
1.2.14 ਸੁਝਾਈ ਪੁਸਤਕ-ਸੂਚੀ

### 1.2.1 ਪਾਠ ਦੇ ਉਦੇਸ਼

(ੳ) ਸਭਿਆਚਾਰ ਦੇ ਅਰਥ ਅਤੇ ਮਹੱਤਤਾ ਤੋਂ ਜਾਣੂੰ ਕਰਵਾਉਣਾ।
(ਅ) ਸਭਿਆਚਾਰ ਦੇ ਸੰਕਲਪ ਨੂੰ ਸਮਝਣਾ।
(ੲ) ਵਿਦਿਆਰਥੀਆਂ ਨੂੰ ਸਭਿਆਚਾਰ ਦੀਆਂ ਵਿਸੇਸ਼ਤਾਵਾਂ ਤੋਂ ਜਾਣੂੰ ਕਰਵਾਉਣਾ।
(ਸ) ਸੰਸਕ੍ਰਿਤੀ-ਗ੍ਰਹਿਣਤਾ ਅਤੇ ਸੰਸਕ੍ਰਿਤੀਕਰਣ ਦੀ ਭੂਮਿਕਾ ਤੋਂ ਜਾਣੂੰ ਕਰਵਾਉਣਾ।
(ਹ) ਪ੍ਰਚਾਰ ਅਤੇ ਸਭਿਆਚਾਰ ਦੀ ਜਾਣਕਾਰੀ ਦੇਣਾ।

### 1.2.2 ਪਾਠ ਦੀ ਭੂਮਿਕਾ

ਸਭਿਆਚਾਰ ਸ਼ਬਦ ਨੂੰ ਆਮ ਅਤੇ ਬਹੁਤ ਕਰਕੇ ਵੱਖ-ਵੱਖ ਪ੍ਰਸੰਗਾਂ ਵਿੱਚ ਵਰਤਿਆ ਜਾਂਦਾ ਹੈ ਜਿਵੇਂ ਕਿ ਸਭਿਆਚਾਰ ਪ੍ਰੋਗਰਾਮ ਸਭਿਆਚਾਰ ਸ਼ਾਮ, ਸਭਿਆਚਾਰ ਦਾ ਮੰਤਰਾਲਾ ਜਾ ਫਿਰ ਸਰੀਰਕ ਸਭਿਆਚਾਰ, ਰਾਜਨੀਤਿਕ ਸਭਿਆਚਾਰ ਆਦਿ। ਮਨੁੱਖ ਸਮਾਜ ਵਿੱਚ ਪੈਦਾ ਹੁੰਦਾ ਹੈ। ਸਮਾਜ ਦੀਆਂ ਕਦਰਾਂ-ਕੀਮਤਾ ਵਿੱਚ ਵਿਚਰਦਾ ਹੈ। ਜਦੋਂ ਅਸੀਂ ਮਨੁੱਖੀ ਸਭਿਆਚਾਰ ਦੀ ਗੱਲ ਕਰਦੇ ਹਾਂ ਤਾਂ ਇਸ ਵਿੱਚ ਉਹ ਸਭ ਕੁਝ ਆ ਜਾਂਦਾ ਹੈ ਜੋ ਮਨੁੱਖ ਨੂੰ ਬਾਕੀ ਪ੍ਰਕਿਰਤੀ ਨਾਲੋਂ ਅਤੇ ਪ੍ਰਕਿਰਤੀ ਵਿਚਲੇ ਬਾਕੀ ਜੀਵਾਂ ਨਾਲੋਂ ਨਿਖੇੜਦਾ ਹੈ। ਸਭਿਆਚਾਰ ਸਾਡੇ ਰੋਜ਼ਾਨਾ ਜੀਵਨ ਦੇ ਵਿਵਹਾਰਕ ਪੱਖ ਦੀ ਪ੍ਰਤੀਨਿਧਤਾ ਕਰਦਾ ਹੈ। ਸਾਡੇ ਰੋਜਾਂਨਾ ਜੀਵਨ ਵਿੱਚ ਸਭਿਆਚਾਰ ਸਾਡੇ ਪਹਿਰਾਵੇ, ਖਾਣ-ਪੀਣ ਅਤੇ ਮੰਨੋਰੰਜਨ ਕਰਨ ਦੇ ਸਾਧਨਾਂ ਜਾਂ ਢੰਗਾਂ ਵਿੱਚੋਂ ਝਲਕਦਾ ਹੈ। ਇਹ ਇੱਕ ਅਜਿਹਾ ਢਾਂਚਾ ਜਾਂ ਢੰਗਾਂ ਵਿੱਚੋਂ ਝਲਕਦਾ ਹੈ ਜਿਸ ਵਿੱਚੋਂ ਸਾਡੀਆਂ ਜਿੰਦੜੀਆਂ ਸਫਲਤਾ, ਸੁੰਦਰਤਾ ਤੇ ਸਿਆਣਪ ਦੇ ਮਿਆਰ ਉੱਤੇ ਆਧਾਰਿਤ ਹਨ। ਸਭਿਆਚਾਰ ਸਾਡੇ ਵਿਅਕਤੀਤਵ ਨੂੰ ਘੜਦਾ ਹੈ। ਸਭਿਆਚਾਰ ਸਾਡੇ ਵਿੱਚ ਕਦਰਾਂ-ਕੀਮਤਾਂ ਪੈਦਾ ਕਰਦਾ ਹੈ। ਇਨਸਾਨ ਹੋਣ ਦਾ ਅਰਥ ਸਭਿਆਚਾਰਕ ਅਤੇ ਸਭਿਅਕ ਹੋਣਾ ਹੈ ਅਤੇ ਸਭਿਆਚਾਰਕ ਹੋਣ ਦਾ ਅਰਥ ਹੈ ਦੂਜਿਆਂ ਨਾਲ ਚੰਗਾ ਵਿਹਾਰ ਕਰਨਾ, ਆਪਣੇ ਤੋਂ ਛੋਟਿਆਂ ਨੂੰ ਪਿਆਰ ਕਰਨਾ ਅਤੇ ਵੱਡਿਆਂ ਪ੍ਰਤੀ ਸਤਿਕਾਰ ਦੀ ਭਾਵਨਾ ਰੱਖਣੀ ਅਤੇ ਆਪਣੇ ਹਮਉਮਰਾਂ ਨਾਲ ਸਲੀਕੇ ਨਾਲ ਵਿਵਹਾਰ ਕਰਨਾ। ਸਭਿਆਚਾਰ ਮਨੁੱਖੀ ਸਿਰਜਣਾ ਪ੍ਰਗਟਾਅ ਅਤੇ ਤਜਰਬੇ ਦਾ ਕੁਲ ਜੋੜ ਹੈ। ਇਹ ਇਕ ਅਜਿਹਾ ਢਾਂਚਾ ਹੈ ਜਿਸ ਵਿੱਚ ਹਰ ਬੱਚੇ ਦਾ

ਜਨਮ ਹੁੰਦਾ ਹੈ। ਜੋ ਉਨ੍ਹਾਂ ਨੂੰ ਇਕ ਖਾਸ ਢੰਗ ਨਾਲ ਸੋਚਣ, ਸਮਝਣ ਤੇ ਕੁਝ ਕਰਨ ਲਈ ਢਾਲਦਾ ਹੈ। ਸਭਿਆਚਾਰਕ ਬਣਤਰਾਂ ਆਪਣੇ-ਆਪ ਵਿੱਚ ਸਥਿਰ ਹੁੰਦੀਆਂ ਹਨ, ਪਰ ਸਖਸੀਅਤ ਦੇ ਪੱਖ ਤੋਂ ਉਹ ਪਰਿਵਰਤਨਸੀਲ ਹਨ।

**ਪਰਿਭਾਸ਼ਾਂ**

**ਉਟਾਵੇ** (OttIwIy), "ਕਿਸੇ ਸਮਾਜ ਦੇ ਸਭਿਆਚਾਰ ਦਾ ਅਰਥ ਇੱਕ ਸਮਾਜ ਦੀ ਸੰਪੂਰਨ ਜੀਵਨ ਸੈਲੀ ਹੈ।"

**ਮਹਾਤਮਾ ਗਾਂਧੀ (MIhItmI GIndhi)**, ਸਭਿਆਚਾਰ ਸੁਰੂਆਤ ਦੀ ਬੁਨਿਆਦ ਹੈ। ਇਹ ਤੁਹਾਡੇ ਸੰਪਰਕ ਅਤੇ ਨਿੱਜੀ ਵਰਤਾਓ - ਤੁਸੀਂ ਕਿਵੇਂ ਬੈਠਦੇ ਹੋ, ਕਿਵੇਂ ਤੁਰਦੇ ਹੋ, ਕਿਵੇਂ ਪੀਂਦੇ ਹੋ ਆਦਿ ਦੇ ਛੋਟੇ ਤੋਂ ਛੋਟੇ ਵੇਰਵੇ ਤੋਂ ਪ੍ਰਗਟ ਹੁੰਦਾ ਹੈ। "

**ਬਿਰਸਟੈਂਡਟ (Bierstedt)**, ਸਭਿਆਚਾਰ ਇਕ ਗੁੰਝਲਦਾਰ ਸਮੁੱਚਾਪਣ ਹੈ ਜੋ ਅਸੀਂ ਸਮਾਜ ਦੇ ਮੈਂਬਰ ਹੁੰਦੇ ਹੋਏ ਸੋਚਦੇ, ਕਰਦੇ ਤੇ ਰੱਖਦੇ ਹਾਂ, ਦਾ ਬਣਿਆ ਹੈ। "

**ਵੁੱਡਵਰਡ ਅਨੁਸਾਰ (Wood WIrd)**, ਸਭਿਆਚਾਰ ਵਿੱਚ ਉਹ ਸਭ ਕੁਝ ਸਾਂਮਿਲ ਹੈ ਜੋ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਸੰਚਾਰਤ ਹੋ ਸਕਦਾ ਹੈ। ਲੋਕਾਂ ਦਾ ਸਭਿਆਚਾਰ, ਉਨ੍ਹਾਂ ਦਾ ਸਮਾਜਿਕ ਵਿਰਸਾ ਇਕ ਗੁੰਝਲਦਾਰ ਸਮੁੱਚਾਪਣ ਹੁੰਦਾ ਹੈ, ਜਿਸ ਵਿੱਚ ਗਿਆਨ, ਵਿਸਵਾਸ, ਕਲਾ, ਨੈਤਿਕ ਮੁੱਲ, ਕਾਨੂੰਨ, ਖੁਰਾਕੀ, ਤਕਨੀਕਾਂ, ਫੈਬਰੀਕੇਸੰਨ ਅਤੇ ਸੰਚਾਰ ਦੀ ਵਰਤੋਂ ਅਤੇ ਸਾਧਨ ਸਾਂਮਿਲ ਹੈ।"

**ਡੌਸਨ (DIwson)**, ਸਭਿਆਚਾਰ ਨੂੰ ਸਧਾਰਨ ਜੀਵਨ ਸੈਲੀ ਆਖਿਆ ਜਾ ਸਕਦਾ ਹੈ, ਖਾਸ ਕਰਕੇ ਇਨਸਾਨ ਦੀ ਆਪਣੇ ਕੁਦਰਤੀ ਆਲੇ-ਦੁਆਲੇ ਤੇ ਆਰਥਿਕ ਲੋੜਾਂ ਨਾਲ ਸਮਾਯੋਜਨ।"

**ਹੋਰਨ (Horne)**; ਸਭਿਆਚਾਰ ਨੂੰ ਵਿਸਾਂਲ ਅਰਥਾਂ ਵਿੱਚ ਸਮਾਜਿਕ ਕੁਸਲਤਾ ਆਖਿਆ ਜਾ ਸਕਦਾ ਹੈ।"

### 1.2.3 ਸਭਿਆਚਾਰ ਦਾ ਅਰਥ

ਸਭਿਆਚਾਰ ਸੰਬਦ ਨੂੰ ਅੰਗਰੇਜੀ ਵਿੱਚ Culture ਆਖਦੇ ਹਨ ਜੋ ਕਿ ਲੈਟਿਨ ਸੰਬਦ [culturIr] ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਚੰਗੇ ਤੋਰ ਤਰੀਕੇ ਅਤੇ ਚੰਗੀ ਰੁਚੀ। ਸਭਿਆਚਾਰ ਮਨੁੱਖੀ ਸਿਰਜਣਾ, ਪ੍ਰਗਟਾਅ ਅਤੇ ਤਜਰਬੇ ਦਾ ਕੁਲ ਜੋੜ ਹੈ। ਸਭਿਆਚਾਰ ਸਾਡੇ ਰੋਜਾਂਨਾ ਜੀਵਨ, ਆਦਤਾਂ, ਸੁਭਾਅ, ਪਹਿਰਾਵੇ, ਚਰਿੱਤਰ, ਜੀਵਨ ਸੈਲੀ ਅਤੇ ਸਾਡੇ ਖਾਣੇ ਤੇ ਬੋਲੀ ਦਾ ਅਕਸ ਹੈ, ਜਦਕਿ ਸਿੱਖਿਆ ਇਨਸਾਨ ਨੂੰ ਜੀਵਨ ਦੇ ਇਨ੍ਹਾਂ ਪੱਖ-ਪਹਿਲੂਆਂ ਨਾਲ ਰੂਬਰੂ ਕਰਾਉਂਦੀ ਹੋਈ ਸਾਨੂੰ ਵਧੀਆ, ਪਰਿਪੱਕ ਤੇ ਸੁਚਾਰੂ ਜੀਵਨ ਜਿਉਣ ਦੀ ਪ੍ਰੇਰਨਾ ਦਿੰਦੀ ਹੈ। ਸਭਿਆਚਾਰ ਸਾਡੇ ਰੋਜਾਂਨਾ ਜੀਵਨ ਦੇ ਵਿਵਹਾਰਕ ਪੱਖ ਦੀ ਪ੍ਰਤੀਨਿਧਤਾ ਕਰਦਾ ਹੈ। ਸਭਿਆਚਾਰ ਸਾਡੇ ਰੋਜਾਂਨਾ ਜੀਵਨ, ਪਹਿਰਾਵੇ, ਖਾਣ-ਪੀਣ ਅਤੇ ਮਨੋਰੰਜਨ ਕਰਨ ਦੇ ਸਾਧਨਾ ਜਾਂ ਢੰਗਾਂ ਵਿੱਚੋਂ ਝਲਕਦਾ ਹੈ। ਸਭਿਆਚਾਰ ਮਨੁੱਖੀ ਸਿਰਜਣਾ, ਪ੍ਰਗਟਾਅ ਅਤੇ ਤਜਰਬੇ ਦਾ ਕੁੱਲ ਜੋੜ ਹੈ। ਸਭਿਆਚਾਰ ਵਿੱਚ ਸਾਰੀਆਂ ਸੰਜੀਵ ਅਤੇ ਨਿਰਜੀਵ ਵਸਤਾ ਸਾਂਮਿਲ ਹਨ, ਜਿਨ੍ਹਾਂ ਨੂੰ ਮਨੁੱਖ ਨੇ ਜੀਵਨ ਜੀਣ ਦੀ ਪ੍ਰਕ੍ਰਿਆ ਵਿੱਚ ਰੱਖਿਆ ਹੁੰਦਾ ਹੈ। ਮਨੁੱਖ ਦੀ ਕੁਲ ਵਿਰਾਸਤ ਨੂੰ ਸਭਿਆਚਾਰ ਕਿਹਾ ਜਾਂਦਾ ਹੈ। ਸਭਿਆਚਾਰ ਨਿਰੰਤਰ ਤਬਦੀਲੀ ਵਿੱਚ ਰਹਿੰਦਾ ਹੈ। ਸਮਾਜ ਦੇ ਬਦਲਣ ਨਾਲ ਸਭਿਅਤਾ ਬਦਲਦੀ ਰਹਿੰਦੀ ਹੈ। ਸਭਿਆਚਾਰ ਗਤੀਸੀਲ ਹੈ, ਸਥਿਰ ਨਹੀਂ ਹੈ। ਸਭਿਆਚਾਰ ਸਿਰਫ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਹੀ ਸੰਚਾਰਤ ਨਹੀਂ ਹੁੰਦਾ। ਇਹ ਇੱਕ ਸਮੂਹ ਤੇ ਦੂਜੇ ਸਮਕਾਲੀ ਸਮੂਹ ਤੱਕ ਜਾ ਕਈ ਪੀੜ੍ਹੀਆਂ ਤੱਕ ਸੰਚਾਰ ਹੁੰਦਾ ਹੈ।

### 1.2.4 ਸਭਿਆਚਾਰ ਦਾ ਸੰਕਲਪ

ਸਭਿਆਚਾਰ ਕਿਸੇ ਸਮਾਜ ਦੀ ਪਦਾਰਥਕ ਦੌਲਤ ਤੋਂ ਉੱਚੀ ਚੀਜ ਹੈ। ਸਭਿਆਚਾਰ ਸਾਂਝੇ ਕੀਤੇ ਗਏ ਵਿਸਵਾਸਾਂ, ਕਦਰਾਂ-ਕੀਮਤਾਂ, ਰੀਤੀ-ਰਿਵਾਜਾਂ, ਵਰਤਾਓ ਅਤੇ ਵਸਤੂਆਂ ਦੀ ਇਕ ਵਿਵਸਥਾ ਹੈ ਜਿਸ ਦੀ ਵਰਤੋਂ ਸਮਾਜ ਦੇ ਮੈਂਬਰ ਆਪਣੇ ਸਮਾਜ ਨਾਲ ਮਿਲਵਰਤਨ ਕਰਕੇ ਆਪਸ ਵਿੱਚ ਇੱਕ ਦੂਜੇ ਨਾਲ ਵਰਤਣ ਲਈ ਕਰਦੇ ਹਨ। ਸਭਿਆਚਾਰ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਚਲਦਾ ਹੈ। ਸਭਿਆਚਾਰ ਸਥਿਰ ਨਹੀਂ ਗਤੀਸੀਲ ਹੈ। ਸਭਿਆਚਾਰ ਵਿਚਾਰਾਂ ਅਤੇ ਭਾਵਨਾਵਾਂ ਦਾ ਮਹੱਤਵਪੂਰਨ ਮਾਪਕ ਹੈ। ਭਵਿੱਖ ਦੇ ਵਿਕਾਸ ਨੂੰ ਵੀ ਪ੍ਰਭਾਵਿਤ ਕਰਦਾ ਹੈ। ਸਭਿਆਚਾਰ ਦਾ ਸੰਕਲਪ ਚਾਰ ਵਿਸੇਸੰਤਾਵਾਂ ਵੱਲ ਸੰਕੇਤ ਕਰਦਾ ਹੈ।

1. **ਪ੍ਰਤੀਕਾਤਮਕ ਰਚਨਾ** : ਸਭਿਆਚਾਰ ਦੇ ਗੁਣ ਉਸ ਦੇ ਮੁੱਢਲੇ ਤੱਤ ਹਨ। ਸਭਿਆਚਾਰ ਦੇ ਵਿੱਚ ਭੌਤਿਕ ਤੱਤ ਅਤੇ ਅਮੂਰਤ ਧਾਰਨਾਵਾਂ ਅਤੇ ਵਿਸਵਾਸ ਆਦਿ ਸਾਂਮਿਲ ਹਨ। ਭੌਤਿਕ ਤੱਤ ਜਿਵੇਂ ਮਕਾਨ ਦੀ ਬਣਤਰ, ਔਜ਼ਾਰ, ਕਲਾਕਿਰਤਾਂ, ਵਰਤਾਓ ਦੇ ਨਿਯਮਾਂ ਤੱਕ ਜਿਵੇਂ ਪਰਿਵਾਰ, ਆਪਸੀ ਸੰਬੰਧ, ਆਰਥਿਕ ਲੈਣ-ਦੇਣ ਅਤੇ ਕਾਨੂੰਨੀ ਮਾਨਤਾਵਾਂ ਅਤੇ ਅਮੂਰਤ ਧਾਰਨਾਵਾਂ ਅਤੇ ਵਿਸਵਾਸ ਆਦਿ ਸਾਂਮਿਲ ਹਨ। ਇਹ ਸਾਰੇ ਸਭਿਆਚਾਰ ਦੇ ਪ੍ਰਤੀਕ ਹਨ ਅਤੇ ਅਰਥ ਪ੍ਰਗਟ ਕਰਦੇ ਹਨ।
2. **ਵਿਵਸਥਿਤ ਨਮੂਨੇ** : ਸਭਿਆਚਾਰਕ ਤੱਤ, ਪ੍ਰਤੀਕਾਂ ਦੇ ਤੌਰ ]ਤੇ ਅਰਥਾਂ ਦੀ ਵਿਵਸਥਾ ਦੇ ਚੋਫ਼ੇਰੇ ਸੰਦਰਭ ਵਿਚਕਾਰ, ਹੋਰਨਾਂ ਪ੍ਰਤੀਕਾਂ ਦੇ ਨਾਲ ਆਪਣੇ ਸੰਬੰਧ ਸਥਾਪਿਤ ਕਰਦੇ ਹਨ। ਪ੍ਰਤੀਕ ਦੀ ਵਿਆਖਿਆ ਕਰਨ ਲਈ ਪ੍ਰਤੀਕਾਂ ਦੇ ਆਪਸੀ ਸੰਬੰਧਾਂ ਅਤੇ ਆਪਸੀ ਸਿਧਾਂਤਾਂ

ਬਾਰੇ ਜਾਂਚ-ਪੜਤਾਲ ਕਰਨੀ ਚਾਹੀਦੀ ਹੈ। ਜੋ ਨਮੂਨੇ ਸਭਿਆਚਾਰ ਦੇ ਢਾਂਚੇ ਨੂੰ ਆਕਾਰ ਦਿੰਦੇ ਹਨ, ਉਨ੍ਹਾਂ ਦੀ ਜਾਂਚ-ਪੜਤਾਲ ਕਰਨੀ ਚਾਹੀਦੀ ਹੈ।

3. **ਪ੍ਰਸਾਰਣ ਦੀ ਸਿਖਲਾਈ** : ਸਭਿਆਚਾਰ ਵਿੱਚ ਭਾਸ਼ਾਂ, ਤਕਨਾਲੋਜੀ, ਸੰਸਥਾਵਾਂ, ਵਿਸਵਾਸਂ ਅਤੇ ਕਦਰਾਂ-ਕੀਮਤਾਂ ਸ਼ਾਮਿਲ ਹਨ। ਸਭਿਆਚਾਰ ਦੀ ਇਨ੍ਹਾਂ ਵਿਸੇਸ਼ਤਾਵਾਂ ਨੂੰ ਪੀੜ੍ਹੀ-ਦਰ-ਪੀੜ੍ਹੀ ਇਕ ਦੂਜੇ ਤੋਂ ਸਿੱਖਦੇ ਵੇਖਿਆ ਜਾ ਸਕਦਾ ਹੈ। ਸਾਰੇ ਮਾਨਵ-ਸਮੂਹਾਂ ਲਈ ਸਿੱਖਣ ਦੀਆਂ ਯੋਗਤਾਵਾਂ ਅਤੇ ਪ੍ਰਤਿਭਾ ਜ਼ਰੂਰੀ ਹਨ। ਦੂਜੇ ਪਾਸੇ ਪਸ਼ੂਆਂ ਦੀਆਂ ਨਸਲਾਂ ਵਿੱਚੋਂ ਬਹੁਤੀਆਂ ਅਜਿਹੀਆਂ ਹਨ ਜਿਨ੍ਹਾਂ ਵਿਚਕਾਰ ਜੀਵ-ਵਿਗਿਆਨ ਆਧਾਰ ]ਤੇ ਜੀਨਾਂ ਦੇ ਪ੍ਰਸਾਰਣ ਰਾਹੀਂ ਪ੍ਰਵਿਰਤੀਆਂ ਨੂੰ ਸਿਖਾਇਆ ਜਾਂਦਾ ਹੈ। ਸਭਿਆਚਾਰ ਅਤੇ ਜੀਵ-ਵਿਗਿਆਨ ਵਿੱਚ ਮਹੱਤਵਪੂਰਨ ਸੰਬੰਧ ਹੈ। ਮਨੁੱਖੀ ਜੀਵ-ਵਿਗਿਆਨ ਨੇ ਸਭਿਆਚਾਰ ਦੇ ਵਿਕਾਸ ਨੂੰ ਪ੍ਰਭਾਵਿਤ ਕੀਤਾ ਹੈ, ਕਿਉਂਕਿ ਪ੍ਰਤੀਕਾਤਮਕ ਅਤੇ ਸਿੱਖਿਆ ਸੰਬੰਧੀ ਯੋਗਤਾਵਾਂ ਦਿਮਾਗ ਦੀ ਭੌਤਿਕ ਬਣਤਰ ਅਤੇ ਸਰੀਰਕ ਰਚਨਾ ਵਿਗਿਆਨੀ ਅਨੁਕੂਲਣ ਤੇ ਨਿਰਭਰ ਕਰਦੀਆਂ ਹਨ ਜਿਵੇਂ ਧੁਨੀ ਸੰਬੰਧੀ ਬਣਤਰ ਜੋ ਕਿ ਧੁਨੀ ਦੀ ਆਵਾਜ਼ ਪੈਦਾ ਕਰਦੀ ਹੈ, ਜਾਂ ਹੋਰ ਯੋਗਤਾਵਾਂ ਪੈਦਾ ਕਰਦੀ ਹੈ ਜਿਹੜੀਆਂ ਔਜ਼ਾਰ ਬਣਾਉਂਦੀਆਂ ਹਨ। ਜੀਵ ਵਿਗਿਆਨਕ ਬਣਤਰ ਸਾਰੇ ਮਨੁੱਖਾਂ ਵਿਚਕਾਰ ਸਭਿਆਚਾਰ ਲਈ ਸਾਧਾਰਨ ਯੋਗਤਾ ਲਈ ਮੱਦਦ ਕਰਦੀ ਹੈ। ਇਸ ਤਰ੍ਹਾਂ ਜੀਵ-ਵਿਗਿਆਨ ਸਾਡੇ ਸਭਿਆਚਾਰ ਲਈ ਆਮ ਯੋਗਤਾ ਦਾ ਨਿਰਧਾਰਨ ਕਰਦਾ ਹੈ ਅਤੇ ਸਭਿਆਚਾਰਕ ਵਿਸੇਸ਼ਤਾਵਾਂ ਦੇ ਲੱਛਣਾਂ ਲਈ ਜ਼ਿੰਮੇਵਾਰ ਹਨ। ਅਜਿਹੇ ਲੱਛਣ ਜਾਂ ਗੁਣ ਜੋ ਕਿ ਦੁਨੀਆਂ ਦੇ ਹਰ ਸਭਿਆਚਾਰ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਵਿਖਾਈ ਦੇ ਜਾਂਦੇ ਹਨ। ਲੋਕਾਂ ਵਿੱਚ ਜਿਹੜੀ ਸਭਿਆਚਾਰਕ ਵਿਵਧਤਾ ਵੇਖਣ ਲਈ ਮਿਲਦੀ ਹੈ ਉਹ ਸਿਖਲਾਈ ਦੀਆਂ ਪਰੰਪਰਾਵਾਂ ਕਰਕੇ ਹੈ।

4. **ਸਮਾਜਿਕ ਆਧਾਰ** ਸਭਿਆਚਾਰ ਨੂੰ ਸਮਾਜਿਕ ਸਮੂਹ ਦੇ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ। ਵਿਅਕਤੀ ਦੇ ਕੰਮਾਂ ਤੋਂ ਨਿਖੇੜ ਕੇ ਇਸਨੂੰ ਸਮਾਜਿਕ ਸਮੂਹ ਦੇ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਇਸਦੇ ਅਨੁਸਾਰ ਮਾਨਵ ਵਿਗਿਆਨੀ ਨਿੱਜੀ ਜ਼ਿੰਮੇਵਾਰੀ ਦੇ ਮਹੱਤਵ ਅਤੇ ਸਿਰਜਣਾ ਦੀ ਪ੍ਰਵਿਰਤੀ ਤੇ ਘੱਟ ਜ਼ੋਰ ਦਿੰਦੇ ਹਨ ਅਤੇ ਸਮੂਹਿਕ ਹੋਂਦ ਅਤੇ ਪ੍ਰਤੀਕਾਂ ਦੇ ਸਾਂਝੇ ਆਧਾਰ ਤੇ ਧਿਆਨ ਕੇਂਦਰਿਤ ਕਰਦੇ ਹਨ। ਇਹ ਸਥਿਤੀ ਵਿਅਕਤੀ ਦੇ ਅਧਿਕਾਰਾਂ ਅਤੇ ਕੰਮਾਂ ਦੇ ਮਹੱਤਵ ਦੀ ਆਧੁਨਿਕ ਸਮਝ ਦੇ ਵਿਪਰੀਤ ਪ੍ਰਤੀਤ ਹੁੰਦੀ ਹੈ।

### 1.2.5 ਸਭਿਆਚਾਰ ਦੀਆਂ ਵਿਸੇਸ਼ਤਾਵਾਂ

1. **ਸਭਿਆਚਾਰ ਨਿਰੰਤਰ ਚੱਲਣ ਵਾਲੀ ਪ੍ਰਕਿਰਿਆ ਹੈ** :ਸਭਿਆਚਾਰ ਨਿਰੰਤਰ ਚੱਲਣ ਵਾਲੀ ਪ੍ਰਕ੍ਰਿਆ ਹੈ। ਇਹ ਸਦੀਆਂ ਤੱਕ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਵਹਿਣ ਵਾਲਾ ਦਰਿਆ ਹੈ।
2. **ਸਮਾਜ ਵਿੱਚ ਰਹਿਣ ਨਾਲ ਪ੍ਰਾਪਤੀ** : ਸਭਿਆਚਾਰ ਸਮਾਜ ਵਿੱਚ ਰਹਿ ਕੇ ਪ੍ਰਾਪਤ ਹੁੰਦਾ ਹੈ। ਇਹ ਇੱਕ ਸਮੂਹਿਕ ਚੀਜ਼ ਹੈ ਜਿਸ ਦਾ ਆਧਾਰ ਸਹਿਮਤੀ ਤੇ ਹੈ। ਇਹ ਆਦਮੀ ਦੀ ਬੁੱਧੀ ਦੁਆਰਾ ਵਿਅਕਤੀਗਤ ਤੌਰ ]ਤੇ ਪ੍ਰਾਪਤ ਨਹੀਂ ਕੀਤਾ ਜਾ ਸਕਦਾ।
3. **ਨਿਰੰਤਰ ਤਬਦੀਲੀ ਵਿੱਚ ਰਹਿੰਦਾ ਹੈ** : ਸਭਿਆਚਾਰ ਨਿਰੰਤਰ ਤਬਦੀਲੀ ਵਿੱਚ ਰਹਿੰਦਾ ਹੈ। ਸਮਾਜ ਦੇ ਬਦਲਣ ਨਾਲ ਸਭਿਅਤਾ ਬਦਲਦੀ ਹੈ। ਸਭਿਆਚਾਰ ਸਥਿਰ ਨਹੀਂ ਗਤੀਸ਼ੀਲ ਹੈ।
4. **ਸਭਿਆਚਾਰ ਸਮਾਜਿਕ ਵਿਰਾਸਤ ਹੈ** : ਸਭਿਆਚਾਰ ਸਮਾਜਿਕ ਵਿਰਾਸਤ ਹੈ ਅਤੇ ਜੈਵਿਕ ਵਿਰਾਸਤ ਨਹੀਂ ਹੈ। ਅਸੀਂ ਸਭਿਆਚਾਰ ਸਿੱਖਦੇ ਜਾਂ ਹਾਸਲ ਕਰਦੇ ਹਾਂ, ਲੈ ਕੇ ਨਹੀਂ ਜੰਮਦੇ। ਸਮਾਜ ਵਿੱਚੋਂ ਵਿਰਾਸਤ ਅਤੇ ਸਭਿਆਚਾਰ ਮਿਲਦਾ ਹੈ।
5. **ਸਭਿਆਚਾਰ ਸੰਭਾਲ ਦਾ ਨਤੀਜਾ ਹੈ** : ਸਭਿਆਚਾਰ ਦੇ ਸਾਰੇ ਤੱਤ ਸਾਂਭ-ਸੰਭਾਲ ਦੇ ਨਤੀਜੇ ਵਜੋਂ ਵਿਕਸਤ ਹੁੰਦੇ ਹਨ। ਹਰ ਪੀੜ੍ਹੀ ਸਭਿਆਚਾਰ ਨੂੰ ਸੰਭਾਲਦੀ ਤੇ ਸੁਰੱਖਿਅਤ ਰੱਖਦੀ ਹੈ ਅਤੇ ਅਸੀਂ ਇਸ ਵਿੱਚ ਕੁਝ ਨਵਾਂ ਜੋੜਦੇ ਰਹਿੰਦੇ ਹਾਂ। ਇਸ ਤਰ੍ਹਾਂ ਜੋ ਸਭਿਆਚਾਰ ਅੱਜ ਸਾਡੇ ਕੋਲ ਹੈ, ਉਹ ਸਾਡੇ ਪੂਰਵਜਾਂ-ਪੁਰਖਿਆਂ ਵਲੋਂ ਜੋੜੀਆਂ ਗਈਆਂ ਰਵਾਇਤਾਂ ਦਾ ਕੁੱਲ ਜੋੜ ਹੈ।
6. **ਸਭਿਆਚਾਰ ਸਾਂਝਾ ਕੀਤਾ ਜਾਂਦਾ ਹੈ** : ਸਭਿਆਚਾਰ ਇੱਕ ਅਜਿਹਾ ਵਰਤਾਰਾ ਹੈ ਜਿਸਨੂੰ ਕੁਝ ਸਾਂਝ ਰਾਹੀਂ ਵਿਕਸਤ ਹੋਣ ਦਾ ਅਵਸਰ ਪ੍ਰਾਪਤ ਹੁੰਦਾ ਹੈ। ਇਹ ਕੋਈ ਨਿੱਜੀ ਜਾਗੀਰ ਨਹੀਂ, ਸਗੋਂ ਕਿਸੇ ਖੇਤਰ ਦੇ ਆਮ ਲੋਕਾਂ ਵਲੋਂ ਇੱਕ ਦੂਜੇ ਨਾਲ ਇਸਨੂੰ ਸਾਂਝਾ ਕੀਤਾ ਜਾਂਦਾ ਹੈ। ਉਦਾਹਰਣ ਵਜੋਂ, ਰੀਤੀ-ਰਿਵਾਜ, ਕਦਰਾਂ-ਕੀਮਤਾਂ, ਰਵਾਇਤਾਂ, ਵਿਸ਼ਵਾਸ਼ ਆਦਿ ਸਮਾਜਿਕ ਸਥਿਤੀਆਂ ਵਿੱਚ ਇੱਕ ਦੂਜੇ ਨਾਲ ਸਾਂਝੇ ਕੀਤੇ ਜਾਂਦੇ ਹਨ। ਇਹ ਵਿਸ਼ਵਾਸ ਅਤੇ ਅਭਿਆਸ ਸਾਰਿਆਂ ਵਲੋਂ ਸਮਾਨ ਤੌਰ ਤੇ ਸਾਂਝੇ ਕੀਤੇ ਜਾਂਦੇ ਹਨ।
7. **ਸਭਿਆਚਾਰ ਜ਼ਰੂਰਤਾਂ ਪੂਰੀਆਂ ਕਰਦਾ ਹੈ** : ਸਭਿਆਚਾਰ ਸਮੂਹਾਂ ਦੀਆਂ ਉਨ੍ਹਾਂ ਨੈਤਿਕ ਅਤੇ ਸਮਾਜਿਕ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ ਜੋ ਕਿ ਆਪਣੇ ਆਪ ਵਿੱਚ ਇੱਕ ਉਦੇਸ਼ ਹੁੰਦੀਆਂ ਹਨ। ਮਨੁੱਖ ਦੀਆਂ ਸਮਾਜ ਦੇ ਵਿੱਚ ਜੋ ਵੀ ਨੈਤਿਕ ਜ਼ਰੂਰਤਾਂ ਹੁੰਦੀਆਂ ਹਨ, ਸਭਿਆਚਾਰ ਉਸ ਨੂੰ ਪੂਰਾ ਕਰਦਾ ਹੈ।
8. **ਸਭਿਆਚਾਰ ਸੰਤੁਸ਼ਟੀ ਪ੍ਰਦਾਨ ਕਰਦਾ ਹੈ** : ਸਭਿਆਚਾਰ ਸੰਤੁਸ਼ਟੀ ਪ੍ਰਦਾਨ ਕਰਦਾ ਹੈ ਅਤੇ ਜ਼ਰੂਰਤਾਂ, ਇੱਛਾਵਾਂ ਦੀ ਤ੍ਰਿਪਤੀ ਲਈ ਅਵਸਰ ਉਪਲਬੱਧ ਕਰਵਾਉਂਦਾ ਹੈ। ਸਾਡੀਆਂ ਲੋੜਾਂ ਭੋਜਨ, ਕੱਪੜੇ ਅਤੇ ਮਕਾਨ ਹਨ। ਸਾਡੀਆਂ ਇੱਛਾਵਾਂ, ਰੁਤਬਾ, ਸ਼ੋਹਰਤ, ਦੌਲਤ, ਕਾਮ ਆਦਿ ਹਨ। ਇਹ ਸਭ ਸਭਿਆਚਾਰਕ ਤਰੀਕਿਆਂ ਨਾਲ ਤ੍ਰਿਪਤ ਹੋਣ ਵਾਲੀਆਂ ਲੋੜਾਂ ਤੇ ਇੱਛਾਵਾਂ ਹਨ। ਅਸਲ ਵਿੱਚ ਇਹ ਇੱਕ

ਅਜਿਹੀ ਪ੍ਰਕ੍ਰਿਆ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਜਿਸਦੇ ਰਾਹੀਂ ਮਨੁੱਖ ਆਪਣੀਆਂ ਲੋੜਾਂ ਤੇ ਇੱਛਾਵਾਂ ਨੂੰ ਤ੍ਰਿਪਤ ਕਰਦਾ ਹੈ।

9. **ਭਾਸ਼ਾਂ ਸਭਿਆਚਾਰ ਦਾ ਮੁੱਖ ਅੰਗ ਹੈ** : ਮਨੁੱਖ ਕੇਵਲ ਵਰਤਮਾਨ ਵਿੱਚ ਨਹੀਂ ਰਹਿੰਦਾ, ਸਗੋਂ ਅਤੀਤ ਅਤੇ ਭਵਿੱਖ ਵਿੱਚ ਵੀ ਰਹਿੰਦਾ ਹੈ। ਉਹ ਅਜਿਹਾ ਇਸ ਲਈ ਕਰ ਸਕਦਾ ਹੈ ਕਿਉਂਕਿ ਉਸ ਕੋਲ ਭਾਸ਼ਾਂ ਹੈ ਜਿਹੜੀ ਕਿ ਉਸਨੂੰ ਬੀਤੇ ਸਮੇਂ ਦੌਰਾਨ ਸਿੱਖੇ ਤਜਰਬੇ ਹਾਸਿਲ ਕਰਨ ਵਿੱਚ ਮੱਦਦ ਕਰਦੀ ਹੈ। ਭਾਸ਼ਾਂ ਮਨੁੱਖ ਨੂੰ ਇਸ ਯੋਗ ਬਣਾਉਂਦੀ ਹੈ ਕਿ ਉਹ ਆਪਣੇ ਬੁੱਧੀਮਤਾਂ ਨੂੰ ਭਵਿੱਖ ਲਈ ਸਾਂਭ ਸਕੇ। ਭਾਸ਼ਾਂ ਸਭਿਆਚਾਰ ਦਾ ਮੁੱਖ ਅੰਗ ਹੁੰਦੀ ਹੈ। ਭਾਸ਼ਾਂ ਤੋਂ ਬਿਨ੍ਹਾਂ ਸਭਿਆਚਾਰ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

10. **ਸਭਿਆਚਾਰ ਜੱਦ ਨਹੀਂਹੈ, ਪ੍ਰਾਪਤ ਕੀਤਾ ਜਾਂਦਾ ਹੈ** : ਸਭਿਆਚਾਰ ਜੱਦ ਦੀ ਦੇਣ ਨਹੀਂ ਹੈ। ਸਭਿਆਚਾਰ ਪੈਦਾਇਸ਼ੀ ਪ੍ਰਾਪਤ ਕੀਤਾ ਜਾਂਦਾ ਹੈ ਜਿਸ ਸਮਾਜ ਵਿੱਚ ਬੱਚੇ ਦਾ ਜਨਮ ਹੁੰਦਾ ਹੈ, ਉਸ ਸਮਾਜ ਦੇ ਸਭਿਆਚਾਰ ਨੂੰ ਬੱਚਾ ਪ੍ਰਾਪਤ ਕਰਦਾ ਹੈ।

11. **ਸਭਿਆਚਾਰ ਸੰਭਾਲ ਦਾ ਨਤੀਜਾ ਹੈ** : ਸਭਿਆਚਾਰ ਦੇ ਸਾਰੇ ਤੱਤ ਸਾਂਭ-ਸੰਭਾਲ ਦੇ ਨਤੀਜੇ ਵਜੋਂ ਵਿਕਸਤ ਹੁੰਦੇ ਹਨ। ਹਰ ਪੀੜ੍ਹੀ ਪੁਰਾਣੇ ਸਭਿਆਚਾਰ ਨੂੰ ਸੰਭਾਲਦੀ ਤੇ ਸੁਰੱਖਿਅਤ ਰੱਖਦੀ ਹੈ ਅਤੇ ਅਸੀਂ ਇਸ ਵਿੱਚ ਕੁਝ ਨਵਾਂ ਜੋੜਦੇ ਰਹਿੰਦੇ ਹਾਂ। ਇਸ ਤਰ੍ਹਾਂ ਜੋ ਸਭਿਆਚਾਰ ਅੱਜ ਸਾਡੇ ਕੋਲ ਹੈ, ਉਹ ਸਾਡੇ ਪੂਰਵਜਾਂ-ਪੁਰਖਾਂ ਵੱਲੋਂ ਜੋੜੀਆਂ ਗਈਆਂ ਰਵਾਇਤਾਂ ਦਾ ਕੁੱਲ ਜੋੜ ਹੈ।

### 1.2.6 ਸੰਸਕ੍ਰਿਤੀ-ਗ੍ਰਹਿਣਤਾ ਅਤੇ ਸੰਸਕ੍ਰਿਤੀਕਰਣ ਦੀ ਭੂਮਿਕਾ

**ਸੰਸਕ੍ਰਿਤੀ ਗ੍ਰਹਿਣਤਾ** : ਜੀਵਨ ਜਿਊਣ ਦੇ ਢੰਗ ਨੂੰ ਸਭਿਆਚਾਰ ਆਖਦੇ ਹਨ। ਹਰ ਦੇਸ਼ ਦਾ ਆਪਣਾ-ਆਪਣਾ ਸਭਿਆਚਾਰ ਹੈ। ਆਪਣੇ-ਆਪਣੇ ਰਸਮ-ਰਿਵਾਜ ਆਪਣੀਆਂ ਕਦਰਾਂ-ਕੀਮਤਾਂ ਹਨ। ਦੁਨੀਆਂ ਵਿੱਚ ਵੱਖ-ਵੱਖ ਕਿਸਮ ਦੇ ਸਭਿਆਚਾਰ ਹਨ ਅਤੇ ਹਰ ਸਭਿਆਚਾਰ ਦੀ ਆਪਣੀ-ਆਪਣੀ ਵਿਸ਼ੇਸ਼ਤਾ ਹੈ। ਜਦੋਂ ਕੋਈ ਵਿਅਕਤੀ ਜਾਂ ਸਮੂਹ ਆਪਣੇ ਸਭਿਆਚਾਰ ਦੀ ਜੀਵਨ ਸ਼ੈਲੀ ਨੂੰ ਬਦਲ ਕੇ ਕਿਸੇ ਹੋਰ ਸਭਿਆਚਾਰ ਦੇ ਜਿਊਣ ਦੇ ਢੰਗਾਂ ਨੂੰ ਅਪਣਾਉਂਦਾ ਹੈ ਤਾਂ ਉਹ ਨਵੇਂ ਸਭਿਆਚਾਰ ਦੇ ਵਤੀਰੇ, ਵਿਹਾਰ, ਕਦਰਾਂ-ਕੀਮਤਾਂ, ਰੀਤੀ-ਰਿਵਾਜਾਂ ਅਤੇ ਸਿਖਲਾਈ ਨੂੰ ਅਪਣਾਉਂਦਾ ਹੈ ਅਤੇ ਆਪਣਾ ਜੀਵਨ ਉਨ੍ਹਾਂ ਮੁਤਾਬਿਕ ਢਾਲਦਾ ਹੈ। ਆਪਣੀ ਜਿੰਦਗੀ ਉਨ੍ਹਾਂ ਦੇ ਰੀਤੀ-ਰਿਵਾਜ ਨਾਲ ਜਿਉਂਦਾ ਹੈ। ਇਸੇ ਬਦਲਾਅ ਨੂੰ ਹੀ ਸੰਸਕ੍ਰਿਤੀ ਗ੍ਰਹਿਣਤਾ ਆਖਦੇ ਹਨ।

**ਸੰਸਕ੍ਰਿਤੀ-ਗ੍ਰਹਿਣਤਾ ਦਾ ਅਰਥ**

1. ਅੰਗਰੇਜ਼ੀ ਸੰਬਦ **ਐਕਲਚਰੇਸ਼ਨ** ਦਾ ਸੰਬਦਕੋਸ਼ ਵਿੱਚ ਅਰਥ ਉਹ ਪ੍ਰਕ੍ਰਿਆ ਹੈ ਜਿਸ ਰਾਹੀਂ ਕਿਸੇ ਦੂਜੇ ਸਮੂਹ ਦੀ ਸਭਿਆਚਾਰਕ ਧਾਰਾ ਜਾਂ ਸਮਾਜਿਕ ਨਮੂਨਿਆਂ ਨੂੰ ਅਪਣਾਇਆ ਜਾਂਦਾ ਹੈ।
2. **ਰੈਡਫੀਲਡ** ਅਤੇ ਹੋਰ ਨੇ ਪਹਿਲਾ ਸੰਸਕ੍ਰਿਤੀ-ਗ੍ਰਹਿਣਤਾ ਨੂੰ ਪਰਿਭਾਸ਼ਿਤ ਕਰਦੇ ਹੋਏ ਕਿਹਾ ਸੀ, ਇਹ ਉਹ ਘਟਨਾਵਾਂ ਹਨ, ਜਿਹੜੀਆ ਕਿ ਉਦੋਂ ਹੁੰਦੀਆਂ ਹਨ ਜਦੋਂ ਵਿਅਕਤੀ ਦੇ ਸਮੂਹ ਵੱਖ-ਵੱਖ ਸਭਿਆਚਾਰਾਂ ਨਾਲ ਸਾਂਝ ਪਾਉਂਦੇ ਹੋਏ ਲਗਾਤਾਰ ਪ੍ਰਤੱਖ ਤੌਰ ]ਤੇ ਇੱਕ ਦੂਜੇ ਦੇ ਸੰਪਰਕ ਵਿੱਚ ਆਉਂਦੇ ਹਨ, ਜਿਸ ਰਾਹੀਂ ਕਿਸੇ ਇੱਕ ਜਾਂ ਦੋਵੇਂ ਸਮੂਹਾਂ ਦੇ ਅਸਲ ਸਭਿਆਚਾਰਕ ਨਮੂਨਿਆਂ ਵਿੱਚ ਤਬਦੀਲੀਆਂ ਆਉਂਦੀਆਂ ਹਨ।
3. ਇਨਸਾਈਕਲੋਪੀਡੀਅ ਬ੍ਰਿਟੈਨਿਕਾ, ਸੰਸਕ੍ਰਿਤੀਕਰਣ ਇੱਕ ਅਜਿਹੀ ਪ੍ਰਕ੍ਰਿਆ ਹੈ ਜਿਹੜੀ ਕਿ ਦੋ ਜਾਂ ਵਧੇਰੇ ਸਭਿਆਚਾਰਾਂ ਦੇ ਸੰਪਰਕ ਵਿੱਚ ਆਉਣ ਕਾਰਨ ਕਲਾ, ਰੀਤੀ- ਰਿਵਾਜਾਂ ਅਤੇ ਵਿਸ਼ਵਾਸਾਂ ਵਿੱਚ ਤਬਦੀਲੀ ਨਾਲ ਸੰਬੰਧ ਰੱਖਦੀ ਹੈ।
4. ਮਾਰਡਨ ਅਤੇ ਮੇਅਰ, ਇਹ ਉਨ੍ਹਾਂ ਵਿਅਕਤੀਆਂ ਵਿੱਚ ਆਉਣ ਵਾਲੀਆਂ ਤਬਦੀਲੀਆਂ ਹਨ, ਜਿਨ੍ਹਾਂ ਦੀ ਸਿੱਖਿਆ ਕਿਸੇ ਇੱਕ ਸਭਿਆਚਾਰਕ ਸਿਖਲਾਈ ਦੀ ਹੈ ਅਤੇ ਜਿਹੜੇ ਦੂਜੇ ਸਭਿਆਚਾਰ ਤੋਂ ਉਸਦੀਆਂ ਵਿਸ਼ੇਸ਼ਤਾਵਾਂ ਲੈ ਲੈਂਦੇ ਹਨ।"

### 1.2.7 ਸੰਸਕ੍ਰਿਤੀ-ਗ੍ਰਹਿਣਤਾ ਦੀ ਮਹੱਤਤਾ

ਸੰਸਕ੍ਰਿਤੀ ਗ੍ਰਹਿਣਤਾ ਉਹ ਪ੍ਰਕ੍ਰਿਆ ਹੈ ਜਦੋਂ ਵੱਖ-ਵੱਖ ਸਭਿਆਚਾਰਾਂ ਦੇ ਵਿਅਕਤੀ ਜਾਂ ਸਮੂਹ ਮਿਲਦੇ ਹਨ। ਉਹ ਇੱਕ ਦੂਜੇ ਦੀ ਸੰਸਕ੍ਰਿਤੀ ਦੇ ਪਹਿਲੂਆਂ ਨੂੰ ਸਮਝਦੇ ਹਨ। ਸਭਿਆਚਾਰ ਦੇ ਪਹਿਲੂਆਂ ਨੂੰ ਸਮਝਦੇ ਹਨ। ਸਭਿਆਚਾਰ ਦੇ ਪਹਿਲੂਆਂ ਦਾ ਆਦਾਨ-ਪ੍ਰਦਾਨ ਕਰਦੇ ਹਨ। ਇੱਕ ਦੂਸਰੇ ਦੇ ਰੀਤੀ-ਰਿਵਾਜਾਂ ਇੱਕ ਦੂਸਰੇ ਦੀਆਂ ਰਸਮਾਂ ਅਤੇ ਕਦਰਾਂ-ਕੀਮਤਾਂ ਦਾ ਆਦਾਨ-ਪ੍ਰਦਾਨ ਕਰਦੇ ਹਨ। ਆਵਾਜਾਈ ਦੇ ਸਾਧਨਾਂ ਦੇ ਵੱਧਣ ਨਾਲ, ਸੰਚਾਰ ਦੇ ਸਾਧਨਾਂ ਦੇ ਪ੍ਰਸਾਰ ਨਾਲ ਤਕਨਾਲੋਜੀ ਦੀ ਪ੍ਰਗਤੀ ਕਾਰਨ ਦੁਨੀਆਂ ਦੇ ਬਹੁਤ ਸਾਰੇ ਸਭਿਆਚਾਰ ਇੱਕ-ਦੂਜੇ ਦੇ ਨਜਦੀਕ ਆ ਰਹੇ ਹਨ। ਇਨ੍ਹਾਂ ਸਾਧਨਾਂ ਦੇ ਕਾਰਨ ਦੁਨੀਆਂ ਦੇ ਵੱਖ-ਵੱਖ ਸਭਿਆਚਾਰ ਇੱਕ ਦੂਸਰੇ ਦੇ ਨੇੜੇ ਆ ਰਹੇ ਹਨ। ਇਸ ਲਈ ਸੰਸਕ੍ਰਿਤੀ-ਗ੍ਰਹਿਣਤਾ ਨੂੰ ਸਮਝਣਾ ਭਵਿੱਖ ਦੀ ਦੁਨੀਆ ਲਈ ਬੇਹੱਦ ਅਹਿਮ ਹੈ। ਇਸ ਪ੍ਰਕ੍ਰਿਆ ਬਾਰੇ ਜਾਣਨਾ ਬਹੁਤ ਜਰੂਰੀ ਹੈ।

#### 1.2.7.1 ਸੰਸਕ੍ਰਿਤੀ-ਗ੍ਰਹਿਣਤਾ ਦੀ ਪ੍ਰਕ੍ਰਿਆ

ਇਸ ਸਿਧਾਂਤ ਤਹਿਤ ਕੁਝ ਵੱਖਰੇ ਵਿਸ਼ਿਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਤਹਿਤ ਜਿਹੜੇ ਵਿਸ਼ੇਂ ਸ਼ਾਮਿਲ ਹਨ, ਉਹ ਇਸ ਪ੍ਰਕਾਰ ਹਨ - ਨਵੀਂ ਭਾਸ਼ਾਂ ਸਿੱਖਣਾ, ਸ਼ਾਮਿਲ ਹੋਣਾ, ਜਜ਼ਬ ਹੋਣਾ ਅਤੇ ਏਕੀਕਰਨ ਜਾਂ ਇੱਕ-ਮਿੱਕ ਹੋ ਜਾਣਾ।

**ਭਾਸਾਂ** : ਭਾਸਾਂ ਇਸ ਪ੍ਰਕ੍ਰਿਆ ਦਾ ਅਹਿਮ ਅੰਗ ਹੈ। ਭਾਸਾਂ ਨੂੰ ਇਸ ਪ੍ਰਕ੍ਰਿਅ ਦਾ ਵੱਡਾ ਪਹਿਲੂ ਕਿਹਾ ਜਾਂਦਾ ਹੈ। ਕਿਸੇ ਵੀ ਦੇਸ ਵਿੱਚ ਵੱਸਣ ਲਈ ਉੱਥੋਂ ਦੀ ਭਾਸਾਂ ਸਿੱਖਣਾ ਬਹੁਤ ਜਰੂਰੀ ਹੈ। ਜੇਕਰ ਕੋਈ ਭਾਰਤੀ ਅਮਰੀਕਾ ਜਾਂਦਾ ਹੈ ਤਾਂ ਉਸਨੂੰ ਅਮਰੀਕੀ ਸਭਿਆਚਾਰ ਵਿੱਚ ਆਰਾਮ ਨਾਲ ਰਹਿਣ ਲਈ ਅੰਗਰੇਜੀ ਭਾਸਾਂ ਸਿੱਖਣੀ ਪਵੇਗੀ।

**ਸਾਂਮਿਲ ਹੋਣਾ** : ਨਵੇਂ ਸਭਿਆਚਾਰ ਵਿੱਚ ਸਾਂਮਿਲ ਹੋਣਾ, ਆਪਣੇ ਦੇਸ ਤੋਂ ਬਾਹਰ ਜਾ ਕੇ ਦੂਸਰੇ ਦੇਸ ਦੇ ਸਭਿਆਚਾਰ ਵਿੱਚ ਸਾਂਮਿਲ ਹੋ ਜਾਣਾ। ਉਸ ਵਿੱਚ ਰੱਲ ਜਾਣਾ, ਇਸ ਦਾ ਵੱਡਾ ਉਪਾਅ ਹੈ। ਉਸਨੂੰ ਨਵੇਂ ਦੇਸ ਦੇ ਰੀਤੀ-ਰਿਵਾਜ, ਰਹਿਣ-ਸਹਿਣ, ਭਾਸਾਂ, ਪਰੰਪਰਾਵਾਂ, ਵਿਹਾਰ ਆਦਿ ਨੂੰ ਵੀ ਸਮਝਣ ਦੀ ਲੋੜ ਹੁੰਦੀ ਹੈ। ਭਾਵੇਂ ਇਸ ਸਭ ਦੌਰਾਨ ਚੁਣੌਤੀ ਅਤੇ ਤਣਾਅ ਵੀ ਮਹਿਸੂਸ ਕੀਤਾ ਜਾ ਸਕਦਾ ਹੈ। ਨਵੇਂ ਸਭਿਆਚਾਰ ਦੇ ਰੀਤੀ-ਰਿਵਾਜ, ਰਹਿਣ-ਸਹਿਣ ਪਰੰਪਰਾਵਾਂ ਨੂੰ ਸਮਝਣਾ ਇੱਕ ਚੁਣੌਤੀ ਪੈਦਾ ਕਰਦਾ ਹੈ। ਆਪਣੇ ਸਭਿਆਚਾਰ ਵਿੱਚ ਰਹਿਣਾ, ਵੱਡੇ ਹੋਣਾ ਅਤੇ ਉਸੇ ਵਿੱਚ ਜਿਉਣਾ ਆਸਾਨ ਹੈ, ਪਰ ਉਸਨੂੰ ਛੱਡ ਕੇ ਦੂਜੇ ਸਭਿਆਚਾਰ ਤਹਿਤ ਨਵੀਂ ਭਾਸਾਂ ਅਤੇ ਤੌਰ-ਤਰੀਕੇ ਸਿੱਖਣ ਵਿੱਚ ਝਿਜਕ, ਉਲਝਣ ਅਤੇ ਸਮੇਂ ਦਾ ਖਰਾਬ ਹੋਣਾ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਈ ਵਾਰੀ ਨਵੀਂ ਭਾਸਾਂ ਦੀ ਜਗ੍ਹਾ ਕੁਝ ਖਾਸ ਸਬਦਾਂ ਨੂੰ ਸਿੱਖਣ ਅਤੇ ਸਥਾਨਕ ਬੋਲੀ ਨੂੰ ਸਿੱਖਣ ਦੀ ਲੋੜ ਪੈਂਦੀ ਹੈ।

**ਜਜਬ ਹੋਣਾ** : ਨਵੇਂ ਸਭਿਆਚਾਰ ਬਾਰੇ ਸੂਚਨਾਵਾਂ ਜਾਂ ਜਾਣਕਾਰੀ ਪ੍ਰਾਪਤ ਕਰਨਾ ਅਤੇ ਨਵੇਂ ਸਭਿਆਚਾਰ ਨਾਲ ਮਿਲਾਪ ਲਈ ਆਪਣੇ ਆਪ ਨੂੰ ਉਸ ਸਭਿਆਚਾਰ ਵਿੱਚ ਢਾਲਣਾ ਹੁੰਦਾ ਹੈ। ਇਸ ਤਹਿਤ ਪਹਿਰਾਵਾ ਆਦਤਾਂ ਅਤੇ ਭੋਜਨ ਤਿਆਰ ਕਰਨ ਦੀਆਂ ਵਿਧੀਆਂ ਸਾਂਮਿਲ ਹਨ। ਇੱਕ ਵਿਅਕਤੀ ਜਿਹੜਾ ਨਵੇਂ ਸਭਿਆਚਾਰ ਵਿੱਚ ਆਪਣੇ-ਆਪ ਨੂੰ ਪੂਰੀ ਤਰ੍ਹਾਂ ਸਾਂਮਿਲ ਕਰ ਲੈਂਦਾ ਹੈ, ਪੂਰੀ ਤਰ੍ਹਾਂ ਸਭਿਆਚਾਰ ਵਿੱਚ ਰੱਲ ਜਾਂਦਾ ਹੈ। ਉਹ ਨਵੇਂ ਸਭਿਆਚਾਰ ਦੀਆਂ ਆਦਤਾਂ ਅਤੇ ਵਿਸੇਸਤਾਵਾਂ ਨੂੰ ਪੂਰੀ ਤਰ੍ਹਾਂ ਅਪਣਾ ਲੈਂਦਾ ਹੈ।

**ਏਕੀਕਰਨ** : ਇਸ ਤਹਿਤ ਸਮਾਜ ਵਿੱਚ ਸਮਾਨ ਸਮਝੇ ਜਾਣ ਵਾਲੇ ਮਾਹੌਲ ਵਿੱਚ ਸਮਾਜਿਕ ਰੂਪ ਨਾਲ ਭਾਗ ਲੈਣਾ ਸਾਂਮਿਲ ਹੈ। ਇਹ ਇਸ ਪ੍ਰਕ੍ਰਿਆ ਦਾ ਆਖਰੀ ਪੜਾਅ ਹੈ। ਨਵੇਂ ਸਭਿਆਚਾਰ ਵਿੱਚ ਅਖੰਡ ਰੂਪ ਨਾਲ ਜੁੜਨ ਲਈ ਉਸ ਵਿੱਚ ਜਜਬ ਹੋਣਾ ਲਾਜਮੀ ਹੁੰਦਾ ਹੈ।

### 1.2.7.2 ਸੰਸਕ੍ਰਿਤੀਕਰਨ

ਇਹ ਸੰਸਕ੍ਰਿਤੀਕਰਨ ਦੇ ਨਾਲ ਮਿਲਦਾ-ਜੁਲਦਾ ਜਾਂ ਉਸ ਨਾਲ ਨਜਦੀਕੀ ਤੌਰ ਤੇ ਜੁੜਿਆ ਸੰਕਲਪ ਹੈ। ਇਹ ਇੱਕ ਅਜਿਹੀ ਪ੍ਰਕ੍ਰਿਆ ਹੈ ਜੋ ਕਿ ਸਮਾਜੀਕਰਨ ਨਾਲ ਉਤਪੋਤ ਹੈ ਜਿਸ ਰਾਹੀਂ ਵਿਅਕਤੀ ਆਪਣੇ ਸਵਦੇਸੀ ਸਭਿਆਚਾਰ, ਵਿਚਾਰਾਂ, ਧਾਰਨਾਵਾਂ ਅਤੇ ਕਦਰਾਂ-ਕੀਮਤਾਂ ਦੀ ਸਾਂਭ-ਸੰਭਾਲ ਕਰਦਾ ਹੈ।

**ਕਿਮ** (*1988*) : ਨੇ ਉਪਰੋਕਤ ਪ੍ਰਕ੍ਰਿਆ ਨੂੰ ਸਮਾਜਿਕਤਾ ਦੀ ਪ੍ਰਕ੍ਰਿਆ ਕਿਹਾ ਹੈ, ਜਿੱਥੇ ਬੱਚੇ ਪਹਿਲਾ ਇਹ ਸਿੱਖਦੇ ਹਨ ਕਿ ਦੂਜਿਆਂ ਦੀ ਸੰਗਤ ਵਿੱਚ ਕਿਵੇਂ ਰਹਿਣਾ ਹੈ। ਬਾਲਗ ਅਵਸਥਾ ਵਿੱਚ ਇਹ ਸਿਖਲਾਈ ਉਨ੍ਹਾਂ ਦੇ ਮਨ ਵਿੱਚ ਥਾਂ ਬਣਾ ਲੈਂਦੀ ਹੈ ਅਤੇ ਉਹ ਆਪਣੇ ਸਭਿਆਚਾਰ ਦੇ ਲੋਕਾਂ ਨਾਲ ਆਸਾਨੀ ਨਾਲ ਸੰਵਾਦ ਸਥਾਪਿਤ ਕਰ ਸਕਦੇ ਹਨ। ਇਸ ਤਰ੍ਹਾਂ ਸੰਸਕ੍ਰਿਤੀਕਰਨ ਇੱਕ ਅਜਿਹੀ ਪ੍ਰਕ੍ਰਿਆ ਬਣ ਜਾਂਦੀ ਹੈ ਜਿਸ ਵਿੱਚ ਵਿਅਕਤੀ ਸਮਾਜ ਵਿੱਚ ਵਿਚਰਦੇ ਹੋਏ ਸਾਂਲਾਂਬੱਧੀ ਇੱਕ ਅਨੁਭਵ ਪ੍ਰਾਪਤ ਕਰ ਲੈਂਦੇ ਹਨ ਅਤੇ ਆਪਣੇ ਆਸ-ਪਾਸ ਦੀਆਂ ਸਭਿਆਚਾਰਕ ਸਕਤੀਆਂ ਅਨੁਸਾਰ ਆਪਣੇ ਆਪ ਨੂੰ ਢਾਲਦੇ ਹੋਏ ਉਨ੍ਹਾਂ ਨੂੰ ਅਪਣਾ ਲੈਂਦੇ ਹਨ।

### 1.2.8 ਸੰਸਕ੍ਰਿਤੀਕਰਨ ਦੀਆਂ ਵਿਸੇਸਤਾਵਾਂ

1. ਬੱਚਾ ਜਿਸ ਵੀ ਸਭਿਆਚਾਰ ਵਿੱਚ ਜਨਮ ਲੈਂਦਾ ਹੈ, ਉਹ ਉਸ ਸਭਿਆਚਾਰ ਨੂੰ ਆਪਣੇ ਸਭਿਆਚਾਰ ਵਾਂਗ ਹੀ ਸਿੱਖਦਾ ਹੈ। ਇਸਨੂੰ ਸਮਾਜੀਕਰਨ ਵੀ ਕਿਹਾ ਜਾ ਸਕਦਾ ਹੈ।
2. ਸੰਸਕ੍ਰਿਤੀਕਰਨ ਨੂੰ ਵਿਵਹਾਰ ਦੀ ਪ੍ਰਕ੍ਰਿਆ ਵੀ ਕਿਹਾ ਜਾਂਦਾ ਹੈ। ਇਹ ਹਰ ਸਮਾਜ ਦੇ ਵਿੱਚ ਵਾਪਰਦਾ ਹੈ ਕਿਉਂਕਿ ਇਸ ਪ੍ਰਕ੍ਰਿਆ ਰਾਹੀਂ ਸਭਿਆਚਾਰ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਵੱਲ ਪ੍ਰਸਾਰਿਤ ਹੁੰਦਾ ਹੈ।
3. ਸੰਸਕ੍ਰਿਤੀਕਰਨ ਸਭਿਆਚਾਰ ਵਿੱਚ ਤਬਦੀਲੀਆਂ ਪੈਦਾ ਕਰਦਾ ਹੈ। ਜਿਹੜੀ ਕਿ ਵਿਅਕਤੀ ਦੇ ਦੂਜੇ ਜੀਵਨ ਕਾਲ ਦੌਰਾਨ ਵਾਪਰਦੀਆਂ ਹਨ।
4. ਸੰਸਕ੍ਰਿਤੀਕਰਨ ਸਵਦੇਸੀ ਸਭਿਆਚਾਰ ਨੂੰ ਦੁਬਾਰਾ ਸਿੱਖਣ ਅਤੇ ਉਸਦੇ ਸਿਧਾਂਤ ਬਣਾਈ ਰੱਖਣ ਦੀ ਪ੍ਰਕ੍ਰਿਆ ਹੈ।
5. ਸੰਸਕ੍ਰਿਤੀਕਰਨ ਦੇ ਦੋ ਰੂਪ ਹਨ ਇੱਕ ਰਸਮੀ ਅਤੇ ਦੂਸਰਾ ਗੈਰ-ਰਸਮੀ ਸੰਸਕ੍ਰਿਤੀਕਰਨ।
6. ਸੰਸਕ੍ਰਿਤੀਕਰਨ ਦੀ ਪ੍ਰਕ੍ਰਿਆ ਨਿਰੰਤਰ ਵਾਪਰਦੀ ਰਹਿੰਦੀ ਹੈ।

### 1.2.9 ਪ੍ਰਚਾਰ ਅਤੇ ਸਭਿਆਚਾਰ

ਪ੍ਰਚਾਰ ਇੱਕ ਤਰ੍ਹਾਂ ਦਾ ਪ੍ਰੇਰਣਾ ਪ੍ਰਦਾਨ ਕਰਨ ਵਾਲਾ ਸੰਦੇਸ ਹੁੰਦਾ ਹੈ ਜਿਸਨੂੰ ਕਿਸੇ ਖਾਸ ਸਮੂਹ ਦੇ ਹਿੱਤਾਂ ਦੀ ਪ੍ਰਤੀਨਿਧਤਾ ਕਰਨ ਲਈ ਘੜਿਆ ਜਾਂਦਾ ਹੇ। ਇਹ ਇੱਕ ਤਰ੍ਹਾਂ ਦਾ ਸੰਦੇਸ ਹੁੰਦਾ ਹੈ ਜੋ ਸੂਚਨਾ ਨੂੰ ਪ੍ਰਸਾਰਿਤ ਕਰਦਾ ਹੈ ਤਾਂ ਜੋ ਸੰਦੇਸ ਰਾਹੀਂ ਲੋਕਾਂ ਦੇ ਵਿਵਹਾਰ, ਵਿਚਾਰਾਂ ਅਤੇ ਦ੍ਰਿਸਟੀਕੋਣ ਦੇ ਉਪਰ ਪ੍ਰਭਾਵ ਪਾਇਆ ਜਾ ਸਕੇ। ਇਸ ਰਾਹੀਂ ਕਿਸੇ ਖਾਸ ਦ੍ਰਿਸਟੀਕੋਣ ਨੂੰ ਉਤਸਾਹਿਤ ਕੀਤਾ ਜਾਂਦਾ ਹੈ ਤਾਂ ਜੋ ਦ੍ਰਿਸਟੀਕੋਣ ਦੇ ਹੱਕ ਵਿੱਚ ਸਮਰਥਨ ਹਾਸਿਲ ਕੀਤਾ ਜਾ ਸਕੇ। ਪ੍ਰਚਾਰ ਹਮੇਸਾਂ ਸੋਚ ਨੂੰ ਵਿਗਾੜ ਕੇ ਪੇਸ ਕਰਨ ਵਾਲੇ ਨਾਲ ਸੰਬੰਧ ਰੱਖਦਾ ਹੈ। ਪ੍ਰਚਾਰ ਦੀਆਂ ਵਿਧੀਆਂ ਹੇਠ ਲਿਖੇ ਅਨੁਸਾਰ ਹਨ :

1. **ਸਮੂਹਿਕ ਸਭਿਆਚਾਰ ਦਾ ਵਿਕਾਸ** -ਪ੍ਰਚਾਰ ਇੱਕ ਤਰ੍ਹਾਂ ਦਾ ਸੂਚਨਾ ਦੇਣ ਦੀ ਪ੍ਰਕ੍ਰਿਆ ਹੈ ਜਿਸ ਦੁਆਰਾ ਇੱਛਾ ਮੁਤਾਬਿਕ ਨਤੀਜੇ ਪ੍ਰਾਪਤ ਕੀਤੇ ਜਾ ਸਕਣ। ਪ੍ਰਚਾਰ ਨਾਲ ਆਰਥਿਕ, ਸਮਾਜਿਕ ਰਾਜਨੀਤਿਕ ਉਦੇਸਾਂ ਦੀ ਪ੍ਰਾਪਤੀ ਲਈ ਕਈ ਢੰਗ ਵਰਤੇ ਜਾਂਦੇ ਹਨ। ਕਈ ਢੰਗਾ ਦਾ ਨਾਲ ਪ੍ਰਚਾਰ ਕੀਤਾ ਜਾਂਦਾ ਹੈ। ਆਪਣੇ ਸੰਦੇਸ ਨੂੰ ਲੋਕਾਂ ਤੱਕ ਪਹੁੰਚਾਇਆ ਜਾਂਦਾ ਹੈ। ਪ੍ਰਚਾਰ ਕਰਨ ਦੇ ਲਈ ਜਨਸੰਚਾਰ ਮਾਧਿਅਮ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਨਸੰਚਾਰ ਦੇ ਸਾਧਨਾਂ ਦਾ ਵਿਕਾਸ ਕਰਕੇ ਪ੍ਰਚਾਰ ਨੂੰ ਪ੍ਰਭਾਵਸਾਲੀ ਬਣਾਉਣ ਵਿੱਚ ਸਫਲਤਾ ਪ੍ਰਾਪਤ ਕੀਤੀ ਜਾਂਦੀ ਹੈ। ਜਨ-ਸਭਿਆਚਾਰ ਨੂੰ ਆਸਾਨੀ ਨਾਲ ਬਣਾਇਆ ਜਾ ਸਕਦਾ ਹੈ। ਲੋਕਾਂ ਨੂੰ ਭੀੜ ਵੱਲ ਖਿੱਚਿਆ ਜਾਂਦਾ ਹੈ। ਮੀਡੀਆ ਰਾਹੀਂ ਜਨ-ਸਭਿਆਚਾ ਵਿਕਸਤ ਕਰਨਾ ਆਸਾਨ ਹੁੰਦਾ ਹੈ। ਮੀਡੀਆ ਰਾਹੀਂ ਸਭਿਆਚਾਰ ਦਾ ਪ੍ਰਚਾਰ ਕੀਤਾ ਜਾਂਦਾ ਹੈ। ਜਨ ਸਮੂਹ ਨੂੰ ਸਭਿਆਚਾ ਦਾ ਗਿਆਨ ਦਿੱਤਾ ਜਾਂਦਾ ਹੈ। ਜਨ-ਸਭਿਆਚਾਰ ਪੈਦਾ ਕਰਨ ਲਈ ਕਿਸੇ ਮਸਹੂਰ ਸਖਸੀਅਤ ਨਾਲ ਇਸ ਨੂੰ ਜੋੜ ਕੇ ਵਿਖਾਉਣਾ ਜਰੂਰੀ ਹੁੰਦਾ ਹੈ। ਜਨ ਸਭਿਆਚਾਰ ਬਣਾਉਣ ਲਈ ਸਹਿਰੀ ਖੇਤਰ ਉੱਪਰ ਧਿਆਨ ਕੇਂਦਰਿਤ ਕਰਨਾ ਅਹਿਮ ਹੁੰਦਾ ਹੈ। ਜਨ-ਸਭਿਆਚਾਰ ਉੱਤੇ ਸਫ਼ਲਤਾ ਪ੍ਰਾਪਤ ਕਰਨ ਲਈ ਸੰਚਾਰ ਦੇ ਸਾਧਨਾਂ ਉੱਪਰ ਮਜਬੂਤ ਨਿਯੰਤਰਣ ਜਰੂਰੀ ਹੈ। ਚੀਨ ਦੇ ਚੇਅਰਮੈਨ ਨੇ ਦੇਸ ਦੇ ਨੌਜਵਾਨਾਂ ਨੂੰ ਪ੍ਰਭਾਵਿਤ ਕਰਨ ਲਈ ਪ੍ਰਚਾਰ ਕੀਤਾ ਤਾਂ ਜੋ ਆਪਣੇ ਸੁਧਾਰਾਂ ਨੂੰ ਅੱਗੇ ਲਿਜਾ ਸਕੇ। ਇਸ ਤਰ੍ਹਾਂ ਜਨ-ਸਭਿਆਚਾਰ ਨਾਲ ਇੱਕ ਜਨ-ਸਮਾਜ ਬਣ ਗਿਆ ਅਤੇ ਅਮੀਰ ਲੋਕਾਂ ਦੇ ਲਾਭ ਲਈ ਕੁਝ ਸਿਧਾਂਤਾਂ ਰਾਹੀਂ ਲੋਕਾਂ ਦਾ ਸੋਸਣ ਕੀਤਾ ਗਿਆ।

2. **ਸੀਤ ਯੁੱਧ ਪ੍ਰਚਾਰ** - ਪਿਛਲੀ ਸਦੀ ਵਿੱਚ ਲੋਕਾਂ ਦੇ ਦਿਲ ਅਤੇ ਦਿਮਾਗ ਵਿਚਕਾਰ ਆਪਸੀ ਸੰਘਰਸ ਦਾ ਦੌਰ ਚੱਲਿਆ ਸੀ। ਦੇਸਾਂ ਦੇ ਵਿਚਕਾਰ ਮੁਬਾਕਲਾ ਛਿੜ ਗਿਆ। ਸੋਵੀਅਤ ਸੰਘ ਅਤੇ ਅਮਰੀਕਨ ਪ੍ਰਚਾਰ ਮੁਹਿੰਮ ਨੇ ਇੱਕ ਦੂਜੇ ਦੇ ਮੁਲਕਾਂ ਨੂੰ ਖੂੰਜੇ ਲਾਉਣ ਦਾ ਬੀੜਾ ਚੁੱਕ ਲਿਆ ਸੀ ਤਾਂ ਜੋ ਕੌਮਾਂਤਰੀ ਪੱਧਰ ਤੇ ਉਹ ਸਿਰ ਨਾ ਚੁੱਕ ਸਕਣ। ਦੁਨੀਆ ਦੇ ਦੇਸਾਂ ਦੇ ਮਤ ਨੂੰ ਆਪਣੇ ਪੱਖ ਵਿੱਚ ਕਰਨ ਦਾ ਮੁਕਾਬਲਾ ਛਿੜ ਗਿਆ ਸੀ। ਦੋਵੇਂ ਮੁਲਕਾਂ ਨੂੰ ਆਪਣੇ-ਆਪਣੇ ਪ੍ਰਭਾਵ ਖੇਤਰ ਨੂੰ ਵਧਾਉਣ ਵਿੱਚ ਲੱਗੇ ਹੋਏ ਸਨ। ਪ੍ਰਚਾਰ ਦੀ ਇਸ ਜੰਗ ਵਿੱਚ ਇਨ੍ਹਾਂ ਮੁਲਕਾਂ ਨੇ ਹਰ ਮੌਕੇ ਦਾ ਲਾਭ ਉਠਾਇਆ। ਸਭਿਆਚਾਰਕ ਪ੍ਰਦਰਸਨੀਆਂ ਦੇ ਮੌਕੇ ਤੇ ਪ੍ਰਚਾਰ ਕੀਤਾ ਗਿਆ। ਕੌਮਾਂਤਰੀ ਖੇਡ ਮੁਕਾਬਲੇ ਮੌਕਿਆਂ ਦਾ ਵੀ ਪ੍ਰਚਾਰ ਕੀਤਾ ਗਿਆ। ਪ੍ਰਚਾਰ ਦੇ ਲਈ ਕਈ ਮਾਧਿਅਮ ਦਾ ਪ੍ਰਯੋਗ ਕੀਤਾ ਗਿਆ। ਭਾਵੇਂ ਉਹ ਰੇਡੀਓ ਦਾ ਮਾਧਿਅਮ ਹੋਵੇ ਜਾਂ ਫੇਰ ਉਪਗ੍ਰਹਿ ਅਤੇ ਕੰਪਿਊਟਰ ਤਕਨਾਲੋਜੀ ਹੋਵੇ। ਪ੍ਰਚਾਰ ਦੇ ਮਾਧਿਅਮ ਰਾਹੀਂ ਦੋਵਾਂ ਦੇਸਾਂ ਨੇ ਪੂਰੀ ਵਾਹ ਲਾ ਕੇ ਇੱਕ ਦੂਜੇ ਨੂੰ ਹਰਾਉਣ ਦਾ ਯਤਨ ਕੀਤਾ।

3. **ਲੋਕਮਤ** : ਲੋਕਮਤ ਵੀ ਸਕਤੀਸਾਲੀ ਹਥਿਆਰ ਹੈ, ਪ੍ਰਚਾਰ ਕਰਨ ਲਈ ਇਸ ਦੇ ਤਹਿਤ ਇੱਕ ਜਨ-ਸਭਿਆਚਾਰ ਦੀ ਲੋੜ ਹੁੰਦੀ ਹੈ। ਇਸ ਦੇ ਤਹਿਤ ਇੱਛਾ ਅਨੁਸਾਰ ਪ੍ਰਭਾਵ ਪੈਦਾ ਕੀਤਾ ਜਾ ਸਕਦਾ ਹੈ। ਜਿੱਥੇ ਜਨ-ਸੰਚਾਰ ਮਾਧਿਅਮ ਮੌਜੂਦ ਹੋਣ ਉੱਥੇ ਹੀ ਇਹ ਪ੍ਰਚਾਰ ਸੰਭਵ ਹੈ। ਜਨ-ਸੰਚਾਰ ਦੇ ਸਾਧਨਾਂ ਦੀ ਮਦਦ ਦੇ ਨਾਲ ਹੀ ਲੋਕਮਤ ਨੂੰ ਜਾਣਿਆ ਜਾ ਸਕਦਾ ਹੈ।

4. **ਨਵੀਂ ਜੰਗ - ਸਭਿਆਚਾਰਕ ਪ੍ਰਚਾਰ** : ਪੂਰਬ ਅਤੇ ਪੱਛਮ ਦੇ ਦੇਸਾਂ ਦੇ ਸਭਿਆਚਾਰ ਅਤੇ ਵਿਚਾਰਧਾਰਾ ਵਿੱਚ ਬਹੁਤ ਅੰਤਰ ਹੈ। ਖਾਸਕਰ ਕੇ ਪੱਛਮੀ ਸਭਿਆਚਾਰ ਬਾਕੀ ਦੇਸਾਂ ਦੇ ਸਭਿਆਚਾਰ ਦੇ ਉੱਪਰ ਬਹੁਤ ਪ੍ਰਭਾਵ ਪਾ ਰਿਹਾ ਹੈ। ਆਪਣੇ ਦੇਸ ਦੇ ਸਭਿਆਚਾਰ ਨੂੰ ਬਚਾਉਣ ਇੱਕ ਨਵੀਂ ਜੰਗ ਹੈ। ਇਸ ਜੰਗ ਵਿੱਚ ਜਿੱਤੇ ਹਾਸਲ ਕਰਨ ਲਈ ਪ੍ਰਚਾਰ ਦਾ ਸਹਾਰਾ ਲੈਣ ਪੈਂਦਾ ਹੈ। ਪੱਛਮੀ ਸਭਿਆਚਾਰ ਪ੍ਰਚਾਰ ਦਾ ਸਹਾਰਾ ਲੈ ਕੇ ਆਪਣੇ ਸਭਿਆਚਾਰ ਦਾ ਪ੍ਰਸਾਰ ਕਰ ਰਿਹਾ ਹੈ। ਪ੍ਰਚਾਰ ਰਾਹੀਂ ਗਰੀਬ ਅਤੇ ਵਿਕਾਸਸੀਲ ਦੇਸਾਂ ਦੇ ਸਭਿਆਚਾਰ ਤੇ ਹਮਲਾ ਕੀਤਾ ਜਾ ਰਿਹਾ ਹੈ। ਪ੍ਰਚਾਰ ਤਾਕਤਵਰ ਸਭਿਆਚਾਰ ਨੂੰ ਚੀਰਨ ਵਿੱਚ ਸਫਲ ਹੋ ਜਾਂਦਾ ਹੈ। ਪ੍ਰਚਾਰ ਸਭਿਆਚਾਰ ਦੇ ਉੱਪਰ ਸਕਤੀਸਾਲੀ ਪ੍ਰਭਾਵ ਪਾਉਂਦਾ ਹੈ।

### 1.2.10 ਪਾਠ ਦਾ ਸਾਰ

ਸਭਿਆਚਾਰ ਮਨੁੱਖ ਦੀ ਰਚਨਾ ਹੈ। ਸਭਿਆਚਾਰ ਜੀਵਨ ਦੀ ਸੰਪੰਨਤਾ ਅਤੇ ਸਮਾਜ ਦੀ ਪ੍ਰਗਤੀ ਵਿੱਚ ਸਹਾਇਤਾ ਕਰਦਾ ਹੈ। ਸਭਿਆਚਾਰ ਮਨੁੱਖੀ ਜਾਤੀ ਦੇ ਸੰਗਠਿਤ ਸਰਵੋਤਮ ਅਨੁਭਵਾਂ ਰਾਹੀਂ ਵਿਅਕਤੀ ਨੂੰ ਆਪਣੀ ਸ਼ਖਸੀਅਤ ਦੇ ਸਰੀਰਕ, ਬੌਧਿਕ ਅਤੇ ਨੈਤਿਕ ਪੱਖਾਂ ਨੂੰ ਸੋਧਣ ਦੇ ਯੋਗ ਬਣਾਉਂਦਾ ਹੈ। ਰੀਤੀ-ਰਿਵਾਜਾਂ ਦੇ ਰੂਪ ਵਿੱਚ ਮਨੁੱਖੀ ਜਾਤੀ ਦੇ ਲੰਬੇ ਸਮੇਂ ਦੇ ਅਨੁਭਵ ਸਭਿਆਚਾਰ ਨੂੰ ਬਣਾਉਂਦੇ ਹਨ। ਸਭਿਆਚਾਰ ਨਿਰੰਤਰ ਤਬਦੀਲੀ ਵਿੱਚ ਰਹਿੰਦਾ ਹੈ। ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਚੱਲਣ ਵਾਲੀ ਪ੍ਰਕਿਰਿਆ ਹੈ। ਸਭਿਆਚਾਰ ਮਨੁੱਖੀ ਸਿਰਜਣਾ, ਪ੍ਰਗਟਾਅ ਅਤੇ ਤਜਰਬੇ ਦਾ ਕੁੱਲ ਜੋੜ ਹੈ। ਸਭਿਆਚਾਰ ਦੀ ਆਪਸੀ ਵਿਸੇਸਤਾ ਹੈ। ਸਭਿਆਚਾਰ ਸਿੱਖਿਆ ਜਾਂਦਾ ਹੈ। ਪੈਦਾਇਸੀ ਰੁਝਾਨ ਨਹੀਂ ਹੁੰਦਾ ਹੈ ਉਸ ਸਮਾਜ ਦੇ ਸਭਿਆਚਾਰ ਨੂੰ ਸਿੱਖਦਾ ਹੈ। ਸਭਿਆਚਾਰ ਪਰਿਵਰਤਨਸੀਲ ਹੈ। ਇਹ ਬਦਲਾਅ ਹਰ ਸਮਾਜ ਅਤੇ ਹਰ ਪੀੜ੍ਹੀ ਵਿੱਚ ਆਪਣੀ-ਆਪਣੀ ਰਫਤਾਰ ਨਾਲ ਆਉਂਦਾ ਹੈ। ਹਰ ਸਮਾਜ ਦਾ ਵੱਖਰਾ-ਵੱਖਰਾ ਸਭਿਆਚਾਰ ਹੈ। ਸਭਿਆਚਾਰ ਮਨੁੱਖ ਨੂੰ ਸੰਤੁਸਟੀ ਪ੍ਰਦਾਨ ਕਰਦਾ ਹੈ। ਜਰੂਰਤਾਂ-ਇੱਛਾਵਾਂ ਦੀ ਤ੍ਰਿਪਤੀ ਕਰਦਾ ਹੈ। ਸਾਡੀਆਂ ਲੋੜਾਂ, ਭੋਜਨ , ਕੱਪੜਾ, ਮਕਾਨ ਹਨ। ਸਭਿਆਚਾਰ ਸਾਡੀਆਂ ਲੋੜਾਂ ਦੀ ਤ੍ਰਿਪਤੀ ਕਰਦਾ ਹੈ। ਭਾਸਾਂ ਸਭਿਆਚਾਰ ਦਾ ਮੁੱਖ ਵਾਹਨ ਹੈ। ਸਭਿਆਚਾਰ ਨਾਲ ਸੰਬੰਧਿਤ ਦੋ ਧਾਰਨਾਵਾਂ ਹਨ। ਸੰਸਕ੍ਰਿਤੀਕਰਨ ਅਤੇ ਸੰਸਕ੍ਰਿਤੀ-ਗ੍ਰਹਿਣਤਾ ਹਨ। ਸੰਸਕ੍ਰਿਤੀਕਰਨ ਤੋਂ ਭਾਵ ਆਪਣੇ ਸਭਿਆਚਾਰ ਦੇ ਢੁੱਕਵੇਂ ਵਿਹਾਰ-ਵਰਤਾਓ ਨੂੰ ਸਿੱਖਣਾ ਹੈ ਜਦ ਕਿ ਨਵੇਂ ਨਿਵਾਸ ਵਾਲੇ ਸਭਿਆਚਾਰ ਦੇ ਢੁੱਕਵੇਂ

ਵਿਹਾਰ-ਵਰਤਾਓ ਨੂੰ ਸਿੱਖਣਾ ਸੰਸਕ੍ਰਿਤੀ-ਗ੍ਰਹਿਣਤਾ ਹੈ। ਜਦੋਂ ਕੋਈ ਵਿਅਕਤੀ ਆਪਣੇ ਸਭਿਆਚਾਰ ਦੀ ਜੀਵਨ ਸੈਲੀ ਨੂੰ ਬਦਲ ਕੇ ਕਿਸੇ ਹੋਰ ਸਭਿਆਚਾਰ ਦੇ ਜਿਉਣ ਢੰਗ ਨਾਲ ਅਪਣਾਉਂਦਾ ਹੈ ਤਾਂ ਉਹ ਨਵੇਂ ਸਭਿਆਚਾਰ ਦੇ ਵਤੀਰੇ, ਕਦਰਾਂ-ਕੀਮਤਾਂ, ਰੀਤੀ-ਰਿਵਾਜਾਂ ਅਪਣਾਉਂਦਾ ਹੈ। ਇਸੇ ਬਦਲਾਅ ਨੂੰ ਹੀ ਸੰਸਕ੍ਰਿਤੀ ਗ੍ਰਹਿਣਤਾ ਆਖਦੇ ਹਨ। ਵਿਅਕਤੀ ਆਪਣੇ ਸਵਦੇਸੀ ਸਭਿਆਚਾਰ ਇਸਦੇ ਵਿਚਾਰਾਂ, ਧਾਰਨਾਵਾਂ ਅਤੇ ਕਦਰਾਂ-ਕੀਮਤਾਂ ਦੀ ਸਾਂਭ-ਸੰਭਾਲ ਕਰਦਾ ਹੈ, ਉਸ ਨੂੰ ਸੰਸਕ੍ਰਿਤੀਕਰਨ ਕਿਹਾ ਜਾਂਦਾ ਹੈ। ਸਭਿਆਚਾਰ ਦੀ ਸਾਂਭ-ਸੰਭਾਲ ਕਰਨ ਲਈ ਪ੍ਰਚਾਰ ਦੀ ਜਰੂਰਤ ਪੈਂਦੀ ਹੈ। ਪ੍ਰਚਾਰ ਨਾਲ ਲੋਕਾਂ ਦੇ ਵਿਵਹਾਰ, ਵਿਸਵਾਸ ਅਤੇ ਦ੍ਰਿਸਟੀਕੋਣ ਉੱਪਰ ਪ੍ਰਭਾਵ ਪਾਇਆ ਜਾ ਸਕਦਾ ਹੈ। ਜਨ-ਸੰਚਾਰ ਦੇ ਸਾਧਨਾਂ ਦੀ ਮੱਦਦ ਨਾਲ ਪ੍ਰਚਾਰ ਕੀਤਾ ਜਾਂਦਾ ਹੈ। ਆਧੁਨਿਕ ਅਤੇ ਪ੍ਰਾਚੀਨ ਪ੍ਰਚਾਰ ਵਿਚ ਫਰਕ ਸਿਰਫ ਤਕਨੀਕਾਂ ਅਤੇ ਤਕਨਾਲੋਜੀ ਦਾ ਹੈ। ਪ੍ਰਚਾਰ ਨਵੀਆਂ ਤਕਨੀਕਾਂ ਰਾਹੀਂ ਵਧੇਰੇ ਜਾਗਰੂਕਤਾ ਫੈਲਾ ਸਕਦਾ ਹੈ। ਇਸ ਰਾਹੀਂ ਵਧੇਰੇ ਪ੍ਰਭਾਵ ਅਤੇ ਵਿਆਪਕ ਪ੍ਰੇਰਣਾ ਦੇਖਣ ਨੂੰ ਮਿਲ ਰਹੀ ਹੈ।

### 1.2.11 ਮੁੱਖ ਬਿੰਦੂ

1. ਸਭਿਆਚਾਰ- ਸਭਿਆਚਾਰ ਮਨੁੱਖੀ ਸਿਰਜਣਾ, ਪ੍ਰਗਟਾਅ, ਪਹਿਰਾਵੇ, ਆਦਤਾਂ, ਬੋਲੀ, ਸੁਭਾਅ ਅਤੇ ਤਜਰਬੇ ਦਾ ਕੁਲ ਜੋੜ ਹੁੰਦਾ ਹੈ।

### 1.2.12 ਸੁਝਾਏ ਪ੍ਰਸ਼ਨ

ਪ੍ਰਸ਼ਨ 1 ਸਭਿਆਚਾਰ ਤੋਂ ਕੀ ਭਾਵ ਹੈ? ਇਸਦੀਆਂ ਵਿਸੇਸਤਾਵਾਂ ਦਾ ਵਰਣਨ ਕਰੋ।

ਪ੍ਰਸ਼ਨ 2 ਸੰਸਕ੍ਰਿਤੀ-ਗ੍ਰਹਿਣਤਾ ਦਾ ਕੀ ਅਰਥ ਹੈ? ਇਸਦੀ ਮਹੱਤਤਾ ਅਤੇ ਪ੍ਰਕਿਰਿਆ ਦਾ ਵਰਣਨ ਕਰੋ।

ਪ੍ਰਸ਼ਨ 3 ਸੰਸਕ੍ਰਿਤੀਕਰਨ ਦਾ ਅਰਥ ਦੱਸੋ। ਇਸ ਦੀਆਂ ਵਿਸੇਸਤਾਵਾਂ ਦਾ ਵਰਣਨ ਕਰੋ।

ਪ੍ਰਸ਼ਨ 4 ਪ੍ਰਚਾਰ ਦੀ ਪਰਿਭਾਸਾਂ ਦਿਓ। ਪ੍ਰਚਾਰ ਸਭਿਆਚਾਰ ਤੇ ਕਿਵੇਂ ਪ੍ਰਭਾਵ ਪਾਉਂਦਾ ਹੈ।

### 1.2.13 ਸਵੈ ਮੁਲਾਂਕਣ

1) ਸਭਿਆਚਾਰ, ਲੈਟਿਨ ਦੇ ਸਬਦ...........ਤੋ ਬਣਿਆ ਹੈ।
2) ਸਭਿਆਚਾਰ ਨੂੰ ਵਿਸਾਲ ਅਰਥਾ ਵਿਚ.............ਆਖਿਆ ਜਾਂ ਸਕਦਾ ਹੈ।
3) ..........ਇਕ ਤਰ੍ਹਾਂ ਦਾ ਪ੍ਰੇਰਣਾ ਪ੍ਰਦਾਨ ਕਰਨ ਵਾਲਾ ਸੰਦੇਸ ਹੁੰਦਾ ਹੈ।
4) ਸੰਸਕ੍ਰਿਤੀ ਸੰਹਿਣਤਾ ਵਿਚ ਵੱਖ ਵੱਖ ਸਭਿਆਚਾਰਾਂ ਦੇ ਵਿਅਕਤੀ ਆਪਸ ਵਿਚ.......ਕਰਦੇ ਹਨ।

**ਉਤਰ: 1. culture 2. ਸਮਾਜਕ ਕੁਸਲਤਾ 3. ਪ੍ਰਚਾਰ 4. ਮੇਲ ਜੋਲ**

### 1.2.14 ਸੁਝਾਈ ਪੁਸਤਕ-ਸੂਚੀ


1. ਭਾਟੀਆ ਕੇ. ਕੇ., ਨਾਰੰਗ ਸੀ. ਐੱਲ (2008), ਸਿੱਖਿਆ ਦੇ ਦਾਰਸੰਨਿਕ ਅਤੇ ਸਮਾਜਿਕ ਆਧਾਰ, ਟੰਡਨ ਪਬਲੀਕੇਸਨਜ਼, ਲੁਧਿਆਣਾ।
2. ਰਾਣਾ ਅਜੈ, ਉਮੇਸ, ਫਾਉਂਡੇਸਨ ਆਫ ਐਜੂਕੇਸਨ ਫਿਲਾਸਫੀ ਅਤੇ ਸੌਸੋਲੋਜੀਕਲ, ਟੰਡਨ ਪਬਲੀਕੇਸਨ, ਲੁਧਿਆਣਾ।
3. ਸੇਖੋਂ ਸੁਖਵਿੰਦਰ ਸਿੰਘ, ਕੌਰ ਅਮਨਦੀਪ (2010), ਫਿਲਾਸਫੀਕਲ ਅਤੇ ਸੋਸੋਲੋਜੀਕਲ ਬੇਸ ਆਫ ਐਜੂਕੇਸਨ, ਕਲਿਆਣ ਪਬਲੀਸਰਜ਼, ਨਿਊ ਦਿੱਲੀ।
4. www.eric.ed.com

ਪਾਠ ਨੰ: 1.3 ਲੇਖਕ: ਡਾ. ਸਾਲੂ ਜਿੰਦਲ

## ਸਮਾਜਿਕ ਦਰਜਾਬੰਦੀ ਜਾਂ ਸਮਾਜਿਕ ਸਤਰੀਕਰਨ

1.3.1 **ਉਦੇਸ**
1.3.2 **ਭੂਮਿਕਾ**
1.3.3 **ਸਮਾਜਿਕ ਦਰਜਾਬੰਦੀ ਇਤਿਹਾਸਕ ਪਿਛੋਕੜ**
1.3.4 **ਸਮਾਜਿਕ ਦਰਜਾਬੰਧੀ ਦੇ ਆਧਾਰ**
1.3.4.1 **ਸਮਾਜਿਕ ਦਰਜਾਬੰਧੀ ਦੇ ਨਤੀਜੇ**
1.3.5 **ਸਮਾਜਿਕ ਦਰਜਾਬੰਧੀ ਦੀਆਂ ਵਿਸੇਸਤਾਵਾਂ**
1.3.6 **ਸਿੱਟਾ**
1.3.7 **ਮੁੱਖ ਸੰਕਲਪ**
1.3.8 **ਸੁਝਾਏ ਪ੍ਰਸ਼ਨ**
1.3.9 **ਸਵੈ ਮੁਲਾਂਕਣ**
1.3.10 **ਸੁਝਾਈਆਂ ਪੁਸਤਕਾਂ**

### 1.3.1 ਉਦੇਸ਼

1) ਸਮਾਜਿਕ ਦਰਜਾਬੰਦੀ ਦੇ ਅਰਥ ਤੋਜ਼ ਜਾਣੂੰ ਹੋ ਜਾਣਗੇ।
2) ਸਮਾਜਿਕ ਦਰਜਾਬੰਦੀ ਦੀਆਂ ਵਿਸ਼ੇਸ਼ਤਾਵਾਂ ਨੂੰ ਸਮਝ ਸਕਣਗੇ।
3) ਸਮਾਜਿਕ ਦਰਜਾਬੰਦੀ ਦੇ ਆਧਾਰ ਬਾਰੇ ਜਾਣ ਸਕਣਗੇ।

### 1.3.2 ਭੂਮਿਕਾ

ਸਧਾਰਨ ਸੰਬਦਾਂ ਵਿੱਚ ਸਮਾਜਿਕ ਦਰਜਾਬੰਦੀ ਤੋਂ ਭਾਵ ਹੈ ਕਿਸੇ ਸਮਾਜ ਜਾਂ ਸਮਾਜ ਦੇ ਇੱਕ ਹਿੱਸੇ ਦਾ ਵੱਖ-ਵੱਖ ਜੁੱਟਾਂ ਵਿੱਚ ਟੁੱਟ ਜਾਣਾ। ਇਸ ਵਰਗੀਕਰਨ ਨੂੰ [ਸਮਾਜਿਕ ਦਰਜਾਬੰਦੀ] ਕਿਹਾ ਜਾਂਦਾ ਹੈ। ਸਦੀਆਂ ਤੋਂ ਮਨੁੱਖ ਸਮਾਜ ਵਿੱਚ ਹੀ ਰਹਿ ਰਿਹਾ ਹੈ ਅਤੇ ਕਿਸੇ ਵੀ ਥਾਂ ਦਾ ਸਮਾਜ ਉਸ ਅਧੀਨ ਆਉਂਦੇ ਮਨੁੱਖਾਂ ਨੂੰ ਜਾਤ, ਧਰਮ ਜਾਂ ਨਸਲ ਦੇ ਅਧਾਰ ]ਤੇ ਵੰਡਦਾ ਰਿਹਾ ਹੈ।

### 1.3.3 ਸਮਾਜਿਕ ਦਰਜਾਬੰਦੀ - ਇਤਿਹਾਸਿਕ ਪਿਛੋਕੜ

ਇਤਿਹਾਸ ਕਹਿੰਦਾ ਹੈ ਕਿ ਜਦੋਂ ਆਦਿ ਮਾਨਵ ਜੰਗਲਾਂ ਵਿੱਚ ਰਹਿੰਦਾ ਸੀ, ਤਾਂ ਉਸ ਕੋਲ ਕਿਸੇ ਤਰ੍ਹਾਂ ਦਾ ਕੋਈ ਸਮਾਜਿਕ ਜੀਵਨ ਨਹੀਂ ਸੀ। ਸਮਾਂ ਬੀਤਿਆ ਅਤੇ ਸਮਾਂ ਬੀਤਣ ਦੇ ਨਾਲ ਨਾਲ ਆਦਿ ਮਾਨਵ ਦੀ ਸਮਝ ਵੀ ਵਿਕਸਿਤ ਹੋਣੀ ਸੁਰੂ ਹੋ ਗਈ। ਅੱਗ ਅਤੇ ਪਹੀਏ ਦੀ ਖੋਜ ਇਸ ਵਿਕਾਸ ਦਾ ਅਹਿਮ ਸਬੂਤ ਹੈ। ਨਤੀਜੇ ਵਜੋਂ ਮਨੁੱਖ ਨੇ ਇਕੱਲੇ-ਇਕੱਲੇ ਨਾ ਹੋ ਕੇ ਜੁੱਟਾਂ ਵਿੱਚ ਸਿਕਾਰ ਕਰਨਾ ਸੁਰੂ ਕਰ ਦਿਤਾ ਅਤੇ ਸਿਕਾਰ ਪਕਾ ਕੇ ਖਾਣਾ ਸੁਰੂ ਕਰ ਦਿੱਤਾ। ਰਲ-ਮਿਲ ਕੇ ਖਾਣ ਨਾਲ ਮਨੁੱਖ ਇਕੱਲਾ ਨਾ ਰਿਹਾ, ਸਗੋਂ ਕਬੀਲਿਆਂ ਵਿੱਚ ਵੰਡਿਆ ਗਿਆ। ਪਹੀਏ ਦੀ ਖੋਜ ਨਾਲ ਇੱਕ ਕਬੀਲੇ ਦਾ ਦੂਜੇ ਕਬੀਲੇ ਨਾਲ ਮੇਲ-ਜੋਲ ਵਧਿਆ। ਇਸ ਤਰ੍ਹਾਂ ਸਮਾਜ ਗਿਣਾਤਮਕ ਅਤੇ ਗੁਣਾਤਮਕ ਵਿਕਾਸ ਕਰਦਾ ਗਿਆ।

ਜਦੋਂ ਸਮਾਜ ਵਧਿਆ ਤਾਂ ਕੁਦਰਤੀ ਤੌਰ ]ਤੇ ਅਮੀਰ ਦਾ ਅਮੀਰ ਨਾਲ ਤੇ ਗਰੀਬ ਦਾ ਗਰੀਬ ਨਾਲ ਵਰਤ-ਵਿਹਾਰ ਵਧਿਆ ਭਾਵ ਸਮਾਜ ਦਰਜਿਆਂ ਵਿੱਚ ਵੰਡਣਾ ਸੁਰੂ ਹੋ ਗਿਆ।

ਸਮਾਜ ਵਧਣ ਨਾਲ ਕਿੱਤੇ ਵੀ ਵਧੇ। ਕੋਈ ਲੋਹੇ ਦਾ ਕੰਮ ਕਰਦਾ ਸੀ, ਕੋਈ ਲੱਕੜ ਦਾ, ਕੋਈ ਗਿਆਨ ਦੀਆਂ ਗੱਲਾਂ ਕਰ ਕੇ ਲੋਕਾਂ ਤੋਂ ਪੈਸੇ ਲੈਂਦਾ ਸੀ ਤੇ ਕੋਈ ਖੱਡੀਆਂ ਦੁਆਰਾ ਕੱਪੜਾ ਬਣਾਉਣ ਦਾ, ਕੋਈ ਜੁੱਤੀਆਂ ਗੰਢਣ ਦਾ ਤੇ ਕੋਈ ਗੰਦਗੀ ਸਾਫ ਕਰਨ ਦਾ, ਕੋਈ ਫਸਲ ਬੀਜਣ ਦਾ ਕੰਮ ਕਰਦਾ ਸੀ ਤੇ ਕੋਈ ਅਨਾਜ ਵੇਚਣ ਦਾ। ਮੁੱਕਦੀ ਗੱਲ ਇੱਥੇ ਹੈ ਕਿ ਆਪਣੀ ਜਿੰਦਗੀ ਨੂੰ ਚਲਾਉਣ ਲਈ ਹਰ ਕੋਈ ਕਿਸੇ ਨਾ ਕਿਸੇ ਤਰ੍ਹਾਂ ਦਾ

ਕੰਮ ਕਰਦਾ ਸੀ। ਵੈਸੇ ਤਾਂ ਕੰਮ ਕੋਈ ਛੋਟਾ ਜਾਂ ਵੱਡਾ ਨਹੀਂ ਹੁੰਦਾ ਪਰ ਮਨੁੱਖ ਨੇ ਜਾਂ ਸਮਾਜ ਨੇ ਕਿਸੇ ਕੰਮ ਨੂੰ ਵੱਡਾ ਅਤੇ ਦੂਜੇ ਕੰਮ ਨੂੰ ਛੋਟਾ ਮੰਨ ਕੇ ( ਕਿੱਤੇ ਦੇ ਅਧਾਰ ]ਤੇ ) ਸਮਾਜ ਨੂੰ ਵਰਗਾਂ ਵਿੱਚ ਵੰਡ ਦਿੱਤਾ। ਇਸ ਨੂੰ ਹੀ **ਸਮਾਜਿਕ ਦਰਜਾਬੰਦੀ** ਕਿਹਾ ਜਾ ਸਕਦਾ ਹੈ।


### 1.3.4 ਸਮਾਜਿਕ ਦਰਜਾਬੰਦੀ ਦੇ ਅਧਾਰ

ਸਮਾਜ ਦਾ ਵਰਗੀਕਰਨ ਕਰਨ ਦੇ ਅਧਾਰ ਬਹੁਤ ਸਾਰੇ ਹੋ ਸਕਦੇ ਹਨ, ਜਿਵੇਂ

- ਉਮਰ
- ਲਿੰਗ
- ਜਨਮ
- ਜਾਤ
- ਨਸਲ
- ਕਬੀਲਾ
- ਹੈਸੀਅਤ
- ਕਿੱਤਾ
- ਵਿੱਤੀ ਹਾਲਾਤ
- ਧਰਮ
- ਸ਼ਕਤੀ
- ਪ੍ਰਾਂਤ
- ਭਾਸ਼ਾਂ
- ਰਾਜਨੀਤੀ ਆਦਿ।

#### 1.3.4.1 ਸਮਾਜਿਕ ਦਰਜਾਬੰਦੀ ਦੇ ਨਤੀਜੇਸਮੂਹ ਦੇ ਹਿੱਸਿਆਂ ਦਾ ਆਪਸ ਵਿੱਚ ਅਤੇ ਦੂਜਿਆਂ ਨਾਲ ਵਿਹਾਰ

ਇੱਥੇ ਇਹ ਗੱਲ ਧਿਆਨ ਦੇਣਯੋਗ ਹੈ ਕਿ ਇੱਕ ਵਿਸ਼ੇਸ਼ ਵਰਗ ਦੇ ਮੈਂਬਰ ਆਪਸ ਵਿੱਚ ਜਿਸ ਤਰ੍ਹਾਂ ਦਾ ਵਿਹਾਰ ਕਰਦੇ ਹਨ, ਉਹ ਵਿਹਾਰ ਦੂਜੇ ਵਰਗ ਦੇ ਮੈਬਰਾਂ ਨਾਲ ਕੀਤੇ ਵਿਹਾਰ ਤੋਂ ਵੱਖਰਾ ਹੁੰਦਾ ਹੈ। ਜਿਆਦਾਤਰ ਇੱਕੋ ਸਮੂਹ ਦੇ ਮੈਂਬਰ ਆਪਸ ਵਿੱਚ ਇੱਕ ਦੂਜੇ ਨਾਲ, ਕਿਸੇ ਹੋਰ ਸਮੂਹ ਨਾਲ ਕੀਤੇ ਵਿਹਾਰ ਤੋਂ ਜਿਆਦਾ ਵਧੀਆ ਵਿਹਾਰ ਕਰਦੇ ਹਨ। ਇਸ ਗੱਲ ਨੂੰ ਕੁਝ ਇਸ ਤਰ੍ਹਾਂ ਸਮਝਾਇਆ ਜਾ ਸਕਦਾ ਹੈ।



ਮੰਨ ਲਓ [I] ਇੱਕ ਸਮਾਜ ਹੈ ਅਤੇ ੳ, ਅ, ੲ, ਸ ਅਤੇ ਹ ਉਸ ਸਮਾਜ ਅਧੀਨ ਆਉਂਦੇ ਵਰਗ ਹਨ (ਵਰਗ ਦਾ ਅਧਾਰ ਉਮਰ, ਲਿੰਗ, ਜਨਮ, ਜਾਤ, ਨਸਲ, ਕਬੀਲਾ, ਹੈਸੀਅਤ, ਕਿੱਤਾ, ਵਿੱਤੀ ਹਾਲਾਤ, ਧਰਮ, ਸਕਤੀ, ਪ੍ਰਾਂਤ, ਭਾਸਾਂ, ਰਾਜਨੀਤੀ ਆਦਿ ਕੁਝ ਵੀ ਹੋ ਸਕਦਾ ਹੈ) । [ੳ] ਵਰਗ ਵਿੱਚ ਜੇ *1, 2, 3, 4, 5* ਮੈਂਬਰ ਆਉਂਦੇ ਹਨ ਅਤੇ [ਅ] ਵਰਗ ਵਿੱਚ ਜੇ I, b, c, d, e ਮੈਂਬਰ ਆਉਂਦੇ ਹਨ ਤਾਂ *1, 2, 3, 4, 5* ਦਾ ਆਪਸ ਵਿੱਚ ਜੋ ਵਿਹਾਰ ਹੋਵੇਗਾ, ਉਹ [ਅ] ਅਧੀਨ ਆਉਂਦੇ ਮੈਂਬਰਾਂ (I, b, c, d, e) ਨਾਲ ਹੋਏ ਵਿਹਾਰ ਤੋਂ ਵੱਖਰਾ ਹੋਵੇਗਾ । ਆਮ ਤੌਰ ]ਤੇ ਇਹ ਵਿਹਾਰ ਸਾਕਾਰਾਤਮਕ ਨਹੀਂ ਹੁੰਦਾ । ੳ, ਅ, ੲ, ਸ ਅਤੇ ਹ ਦੇ ਆਪਸੀ ਵਖਰੇਵੇਂ ਜਿੰਨੇ ਘੱਟ ਹੋਣਗੇ ਉਨੇ ਹੀ ਇਨ੍ਹਾਂ ਦੇ ਆਪਸੀ ਵਿਹਾਰ ਵਧੀਆ ਹੋਣਗੇ । ਆਪਸੀ ਵਿਹਾਰ ਭਾਵੇਂ ਵਧੀਆ ਹੋਣ ਜਾਂ ਨਾ ਹੋਣ, ਫੇਰ ਵੀ ਅਜਿਹੇ ਵਰਗੀਕਰਨ ਨੂੰ ਸਮਾਜ ਦੀ ਪੂਰੀ ਤਰ੍ਹਾਂ ਇਜਾਜ਼ਤ ਹੈ, ਇਸੇ ਲਈ ਇਸ ਵਰਗੀਕਰਨ ਨੂੰ **ਸਮਾਜਿਕ ਦਰਜਾਬੰਦੀ ਜਾਂ ਸਮਾਜਿਕ ਸਤਰੀਕਰਨ**ਕਿਹਾ ਜਾਂਦਾ ਹੈ ।

**ਵਿਦਵਾਨਾਂ ਦੀਆਂ ਪਰਿਭਾਸ਼ਾਵਾਂ**

ਵੱਖ-ਵੱਖ ਵਿਦਵਾਨਾਂ ਨੇ **ਸਮਾਜਿਕ ਦਰਜਾਬੰਦੀ ਜਾਂ ਸਮਾਜਿਕ ਸਤਰੀਕਰਨ**ਨੂੰ ਆਪੋ ਆਪਣੇ ਢੰਗ ਨਾਲ ਪਰਿਭਾਸ਼ਿਤ ਕੀਤਾ ਹੈ । ਕਈਆਂ ਵਾਸਤੇ ਆਰਥਿਕਤਾ ਹੀ ਸਮਾਜਿਕ ਦਰਜਾਬੰਦੀ ਦਾ ਅਧਾਰ ਹੁੰਦੀ ਹੈ ਜਦੋਂਕਿ ਕਈਆਂ ਲਈ ਧਰਮ, ਕਈਆਂ ਲਈ ਨਸਲ ਸਮਾਜਿਕ ਦਰਜਾਬੰਦੀ ਦਾ ਅਧਾਰ ਹੋ ਸਕਦੀ ਹੈ ਤਾਂ ਦੂਜੇ ਪਾਸੇ ਕਈਆਂ ਲਈ ਭਾਸਾਂ ।

**ਪੀ. ਡਬਲਿਊ. ਮੁਰੇ ਦੀ ਪਰਿਭਾਸ਼** - ਸਮਾਜਿਕ ਦਰਜਾਬੰਦੀ ਜਾਂ ਸਮਾਜਿਕ ਸਤਰੀਕਰਨ ਸਮਾਜ ਦਾ ਉੱਚੇ ਅਤੇ ਨਿਚਲੇ ਵਰਗ ਵਿੱਚ ਇੱਕ ਲੇਟਵਾਂ (horizontII) ਵਰਗੀਕਰਨ ਹੈ ।

**ਗਿਲਬਰਟ ਦੀ ਪਰਿਭਾਸ਼ਾਂ** - ਸਮਾਜਿਕ ਦਰਜਾਬੰਦੀ ਜਾਂ ਸਮਾਜਿਕ ਸਤਰੀਕਰਨ ਸਮਾਜ ਦੀ ਵਰਗਾਂ ਜਾਂ ਸ੍ਰੇਣੀ ਵਿੱਚ ਸਥਿਰ ਵੰਡ ਹੈ ਜਿਹੜੀ ਉੱਚੇ ਅਤੇ ਨੀਚੇ ਦੇ ਸੰਬੰਧਾਂ ਨਾਲ ਜੁੜੀ ਹੋਈ ਹੈ ।

**ਸਥਰਲੈਂਡ ਅਤੇ ਵੂਡਵਰਡ ਦੀ ਪਰਿਭਾਸ਼** - ਸਮਾਜਿਕ ਦਰਜਾਬੰਦੀ ਇੱਕ ਸਧਾਰਨ ਭੇਦਭਾਵ ਦੀ ਇੱਕ ਪ੍ਰਕਿਰਿਆ ਹੈ ਜਿੱਥੇ ਕੁਝ ਲੋਕ ਦੂਜਿਆਂ ਦੀ ਤੁਲਨਾ ਵਿੱਚ ਉੱਚ ਦਰਜਾ ਹਾਸਲ ਕਰਨ ਲਈ ਅੱਗੇ ਆਉਂਦੇ ਹਨ ।

**3.5 ਸਮਾਜਿਕ ਦਰਜਾਬੰਦੀ ਦੀਆਂ ਵਿਸ਼ੇਸ਼ਤਾਈਆਂ**

ਵੱਖ-ਵੱਖ ਵਿਦਵਾਨਾਂ ਨੇ ਸਮਾਜਿਕ ਦਰਜਾਬੰਦੀ ਜਾਂ ਸਤਰੀਕਰਨ ਦੇ ਵੱਖ-ਵੱਖ ਅਧਾਰਾਂ ਦੇ ਅਧਾਰ ]ਤੇ ਆਪਣੀਆਂ ਪਰਿਭਾਸ਼ਾਵਾਂ ਦਿੱਤੀਆਂ ਹਨ । ਉਪਰੋਕਤ ਵਿਦਵਾਨਾਂ ਦੁਆਰਾ ਦਿੱਤੀਆਂ ਵੱਖ ਵੱਖ ਪਰਿਭਾਸ਼ਾਵਾਂ ਤੋਂ ਸਮਾਜਿਕ ਦਰਜਾਬੰਦੀ ਦੇ ਲੱਛਣ (ਜਾਂ ਵਿਸੇਸੰਤਾਈਆਂ) ਬਾਹਰ ਕੱਢੇ ਜਾ ਸਕਦੇ ਹਨ । ਸਮਾਜਿਕ ਦਰਜਾਬੰਦੀ ਦੀਆਂ ਵਿਸੇਸੰਤਾਈਆਂ ਕੁਝ ਇਸ ਪ੍ਰਕਾਰ ਹਨ ।

**1. ਸਰਬ ਵਿਆਪਕਤਾ**

ਸਮਾਜਿਕ ਦਰਜਾਬੰਦੀ ਸਰਬ ਵਿਆਪਕ ਹੈ । ਸੰਸਾਰ ਵਿੱਚ ਕੋਈ ਵੀ ਸਮਾਜ ਅਜਿਹਾ ਨਹੀਂ ਹੈ ਜੋ ਕਿ ਦਰਜਾਬੰਦੀ ਤੋਂ ਮੁਕਤ ਹੋਵੇ । ਆਧੁਨਿਕ ਦਰਜਾਬੰਦੀ ਪੁਰਾਣੀ ਦਰਜਾਬੰਦੀ ਨਾਲੋਂ ਵੱਖ ਹੈ । ਇਹ ਪੂਰੇ ਸੰਸਾਰ ਵਿੱਚ ਹੋਣ ਵਾਲੀ ਪ੍ਰਕਿਰਿਆ ਹੈ । ਸੋਰੋਕਿਨ ਅਨੁਸਾਰ ਸਾਰੇ ਸਥਾਈ ਸੰਗਠਿਤ ਸਮੂਹ ਸਤਰੀਕ੍ਰਿਤ ਹਨ ।

**2. ਸਮਾਜਿਕਤਾ**

ਸਤਰੀਕਰਨ ਸਮਾਜਿਕ ਹੁੰਦਾ ਹੈ । ਇਹ ਸੱਚ ਹੈ ਕਿ ਜੈਵਿਕ ਗੁਣ ਕਿਸੇ ਵੀ ਵਿਅਕਤੀ ਦੀ ਉਚਤਾ ਦਾ ਨਿਮਨਤਾ ਬਾਰੇ ਨਹੀਂ ਦੱਸ ਸਕਦੇ । ਤੱਤ ਜਿਵੇਂ ਕਿ ਉਮਰ, ਲਿੰਗ, ਬੁੱਧੀ ਆਦਿ ਵੀ ਆਪਣਾ ਪ੍ਰਭਾਵ ਪਾਉਂਦੇ ਹਨ, ਪਰੰਤੂ ਵਿਅਕਤੀ ਦੀ ਸਿੱਖਿਆ, ਸਕਤੀ, ਪ੍ਰਾਪਰਟੀ, ਤਜਰਬਾ, ਚਰਿੱਤਰ ਤੇ ਸਖਸੀਅਤ ਆਦਿ ਮਨੁੱਖ ਦੇ ਜੈਵਿਕ ਗੁਣਾ ਤੋਂ ਜਿਆਦਾ ਮਹੱਤਵਪੂਰਨ ਹਨ । ਇਸ ਪ੍ਰਕਾਰ ਸਤਰੀਕਰਨ ਕੁਦਰਤੀ ਤੌਰ ]ਤੇ ਸਮਾਜਿਕ ਹੀ ਹੁੰਦਾ ਹੈ ।

**3. ਪੁਰਾਣੀ ਸਮਾਜਿਕ ਵਿਵਸਥਾ**

ਇਹ ਪੁਰਾਣਾ ਹੈ । ਸਤਰੀਕਰਨ ਵਿਵਸਥਾ ਬਹੁਤ ਪੁਰਾਣੀ ਹੈ । ਜਿਆਦਾਤਰ ਪੁਰਾਣੀਆਂ ਸਾਰੀਆਂ ਸੱਭਿਅਤਾਵਾਂ ਵਿੱਚ ਅਮੀਰ ਤੇ ਗਰੀਬ ਵਿਚਕਾਰ ਅਤੇ ਕਮਜ਼ੋਰ ਤੇ ਤਾਕਤਵਰ ਵਿਚਕਾਰ ਅਮੀਰ ਤੇ ਤਾਕਤਵਰ ਨੇ ਹੀ ਆਪਣਾ ਅਸਤਿਤਵ ਕਾਇਮ ਰੱਖਿਆ ਹੈ । ਪਲੈਟੋ ਤੇ ਕੋਟੱਲਿਆ ਦੇ ਸਮੇਂ ਦੌਰਾਨ ਵੀ ਰਾਜਨੀਤਿਕ, ਸਮਾਜਿਕ ਤੇ ਆਰਥਿਕ ਅਸਮਾਨਤਾਵਾਂ ]ਤੇ ਜੋਰ ਦਿੱਤਾ ਜਾਂਦਾ ਸੀ ।

**4. ਵਿਭਿੰਨ ਰੂਪ**

ਇਹ ਵੱਖ ਵੱਖ ਰੂਪਾਂ ਵਿੱਚ ਮੌਜੂਦ ਹੈ । ਸਤਰੀਕਰਨ ਦਾ ਰੂਪ ਹਰੇਕ ਸਮਾਜ ਵਿੱਚ ਇੱਕੋ ਜਿਹਾ ਨਹੀਂ ਹੈ । ਆਧੁਨਿਕ ਸਮਾਜ ਵਿੱਚ ਵਰਗ, ਜਾਤ ਅਤੇ ਰੁਤਬਾ ਸਤਰੀਕਰਨ ਦੇ ਆਮ ਰੂਪ ਹਨ । ਪ੍ਰਾਚੀਨ ਆਰੀਆ ਲੋਕ ਚਾਰ ਵਰਗਾਂ ਵਿੱਚ ਵੰਡੇ ਹੋਏ ਸਨ- ਬ੍ਰਾਹਮਣ, ਖੱਤਰੀ, ਵੈਸ ਤੇ ਸੂਦਰ । ਪ੍ਰਾਚੀਨ ਗਰੀਕ ਵਾਸੀ ਦੋ ਰੂਪਾਂ ਵਿੱਚ ਸਨ- ਆਜਾਂਦ ਲੋਕ ਤੇ ਫੁਲਾਮ ਲੋਕ । ਇਸ ਲਈ ਹਰੇਕ ਸਮਾਜ ਚਾਹੇ ਉਹ ਪ੍ਰਾਚੀਨ ਸੀ ਜਾਂ ਆਧੁਨਿਕ, ਛੋਟਾ ਜਾਂ ਵੱਡਾ, ਸਤਰੀਕਰਨ ਦੇ ਵੱਖ ਵੱਖ ਰੂਪਾਂ ਨਾਲ ਭਰਿਆ ਪਿਆ ਹੈ ।

### 5. ਸਿੱਟਾ ਭਰਪੂਰ ਪ੍ਰਕਿਰਿਆ

ਸਮਾਜਿਕ ਸਤਰੀਕਰਨ ਸਿੱਟਾ ਭਰਪੂਰ ਹੈ। ਸਤਰੀਕਰਨ ਦੇ ਸਿੱਟਿਆਂ ਵਿੱਚ ਵਿੱਚ ਹਰੇਕ ਸਮੂਹ ਦੇ ਰਹਿਣ ਵਾਲੇ ਇਲਾਕੇ, ਉਹਨਾ ਦਾ ਖਾਣ-ਪੀਣ, ਮਨੋਰੰਜਨ ਦੇ ਸਾਧਨ, ਕੱਪੜੇ ਪਹਿਨਣ ਦੇ ਢੰਗ, ਕਿਤਾਬਾਂ ਆਦਿ ਸਾਂਮਲ ਹਨ।

### 6. ਸਤਰੀਕਰਨ ਤੇ ਜਾਤ

ਅਜਿਹੇ ਸਤਰੀਕਰਨ ਵਿੱਚ ਇਹ ਜਨਮ ]ਤੇ ਅਧਾਰਿਤ ਹੁੰਦਾ ਹੈ। ਰੁਤਬਾ, ਜੋ ਜਨਮ ਸਮੇਂ ਮਿਲਦਾ ਹੈ, ਪੂਰੀ ਉਮਰ ਉਹੀ ਰਹਿੰਦਾ ਹੈ। ਇੱਕ ਵਾਰ ਜੋ ਸਮਾਜਿਕ ਰੁਤਬਾ ਮਿਲ ਜਾਂਦਾ ਹੈ, ਉਹ ਕਦੇ ਵੀ ਸੁਧਾਰਿਆ ਜਾਂ ਬਦਲਿਆ ਨਹੀਂ ਜਾ ਸਕਦਾ। ਇਸ ਲਈ ਜਾਤੀ ਸਤਰੀਕਰਨ ਦਾ ਅਜਿਹਾ ਅਧਾਰ ਹੈ ਜੋ ਸਭ ਤੋਂ ਵੱਧ ਮਹੱਤਵਪੂਰਨ ਹੈ।

ਜਾਤੀ ਇੱਕ ਵਿਸਤ੍ਰਿਤ ਅਤੇ ਜਟਿਲ ਸਮਾਜਿਕ ਵਿਵਸਥਾ ਹੈ। ਇਹ ਇੱਕ ਅਜਿਹੀ ਮੈਂਬਰਸਿੱਪ ਹੈ ਜਿਹੜੀ ਜਨਮ ਵੇਲੇ ਹੀ ਪ੍ਰਾਪਤ ਕੀਤੀ ਜਾਂਦੀ ਹੈ ਅਤੇ ਪੂਰੀ ਉਮਰ ਲਈ ਪੱਕੀ ਹੋ ਜਾਂਦੀ ਹੈ। ਇੱਕ ਜਾਤੀ ਦੇ ਮੈਂਬਰਾਂ ਦਾ ਵਿਆਹ ਵੀ ਤਾਂ ਹੀ ਸੰਭਵ ਹੈ ਜੇ ਦੂਜੇ ਦੀ ਜਾਤੀ ਵੀ ਓਹੀ ਹੋਵੇ।

ਜਾਤੀ ਪ੍ਰਥਾ ਨੂੰ ਜਿਆਦਾਤਰ ਭਾਰਤ ਦੇਸ ਨਾਲ ਸੰਬੰਧਿਤ ਮੰਨਿਆ ਜਾਂਦਾ ਹੈ। ਇਤਿਹਾਸਿਕ ਤੌਰ ]ਤੇ ਭਾਰਤ ਵਿੱਚ ਜਾਤੀ ਪ੍ਰਥਾ ਚਾਰ ਮੁੱਖ ਵਰਗਾਂ ਤੋਂ ਜਾਣੀ ਜਾਂਦੀ ਸੀ- ਖੱਤਰੀ, ਬ੍ਰਾਹਮਣ, ਸੂਦਰ ਤੇ ਵੈਸ਼। ਇਨ੍ਹਾਂ ਚਾਰ ਜਾਤਾਂ ਤੋਂ ਇਲਾਵਾ ਕੁਝ ਉਹ ਲੋਕ ਵੀ ਸਨ ਜਿਨ੍ਹਾਂ ਨੂੰ ਅਛੂਤ ਕਿਹਾ ਜਾਂਦਾ ਸੀ। ਪ੍ਰਾਚੀਨ ਭਾਰਤੀ ਗ੍ਰੰਥ ਜਿਵੇਂ ਮਨੂੰਸਮ੍ਰਿਤੀ ਦੱਸਦੀ ਹੈ ਕਿ ਜਾਤੀ ਪ੍ਰਥਾ ਭਾਰਤੀ ਸਮਾਜ ਵਿੱਚ ਬਹੁਤ ਪੁਰਾਣੇ ਸਮੇਂ ਤੋਂ ਮੌਜੂਦ ਹੈ। ਇਸ ਤੋਂ ਇਲਾਵਾ ਜੇ ਅਸੀਂ ਸੰਸਾਰ ਪੱਧਰ ]ਤੇ ਜਾਤੀ ਪ੍ਰਥਾ ਦੀ ਗੱਲ ਕਰਦੇ ਹਾਂ ਤਾਂ ਅਮਰੀਕਾ, ਸਪੇਨ ਤੇ ਯੂਰਪ ਵਰਗੇ ਦੀਪ ਵੀ ਇਸ ਪ੍ਰਥਾ ਤੋਂ ਅਛੂਤੇ ਨਹੀਂ ਰਹੇ। ਉੱਥੇ ਵੀ ਜਾਤ ਪ੍ਰਥਾ ਦੇ ਅਧਾਰ ]ਤੇ ਸਮਾਜਿਕ ਸਤਰੀਕਰਨ ਹੋਇਆ ਸੀ ਤੇ ਅੱਜ ਵੀ ਹੈ। ਇਸ ਤਰ੍ਹਾਂ ਜਾਤੀ ਸਮਾਜਿਕ ਸਤਰੀਕਰਨ ਦਾ ਮਹੱਤਵਪੂਰਨ ਅਧਾਰ ਹੈ।

### 7. ਸਤਰੀਕਰਨ ਤੇ ਵਰਗ

ਵਰਗ ਸਤਰੀਕਰਨ ਸਮਾਜਿਕ ਸਤਰੀਕਰਨ ਦਾ ਇੱਕ ਰੂਪ ਹੈ ਜਿਸ ਵਿੱਚ ਸਮਾਜ ਨੂੰ ਵੱਖ ਵੱਖ ਵਰਗਾਂ ਵਿੱਚ ਵੰਡਿਆ ਜਾਂਦਾ ਹੈ। ਆਰਥਿਕ ਤੇ ਸੱਭਿਆਚਾਰਕ ਦਰਾਰ ਹਮੇਸ਼ਾਂ ਵੱਖ ਵੱਖ ਵਰਗਾਂ ਵਿਚਕਾਰ ਮੌਜੂਦ ਹੁੰਦੀ ਹੈ। ਲੋਕ ਆਪਣੇ ਵਰਗ ਵਿੱਚ ਜਨਮ ਲੈਂਦੇ ਹਨ ਤੇ ਸਮਾਜਿਕ ਗਤੀਸੀਲਤਾ ਦੁਆਰਾ ਕੁਝ ਲੋਕ ਉੱਚ ਵਰਗ ਪ੍ਰਾਪਤ ਕਰ ਲੈਂਦੇ ਹਨ ਅਤੇ ਕੁਝ ਨੀਵਾਂ ਵਰਗ ਪ੍ਰਾਪਤ ਕਰ ਲੈਂਦੇ ਹਨ।

ਵਰਗ ਸਤਰੀਕਰਨ ਦੇ ਪਹਿਲੇ ਸਮੇਂ ਵਿੱਚ ਸਮਾਜ ਦੇ ਜਿਆਦਾਤਰ ਮੈਂਬਰਾਂ ਕੋਲ ਬਰਾਬਰ ਦੇ ਪੈਸੇ ਤੇ ਸੰਕਤੀ ਸੀ। ਇਹ ਪੈਸਾ ਅਤੇ ਸੰਕਤੀ ਬਹੁਤੀ ਜਿਆਦਾ ਨਹੀਂ ਹੁੰਦੀ ਸੀ। ਬਹੁਤ ਹੀ ਘੱਟ ਲੋਕਾਂ ਕੋਲ ਬਹੁਤ ਜਿਆਦਾ ਪੈਸਾ ਅਤੇ ਰੁਤਬਾ ਹੁੰਦਾ ਸੀ। ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਪੈਸੇ ਅਤੇ ਰੁਤਬੇ ਦਾ ਵੱਡਾ ਹਿੱਸਾ ਥੋੜੀ ਜਨਸੰਖਿਆ ਵੱਲ ਵਧਣਾ ਸੁਰੂ ਹੋ ਗਿਆ। ਇਸ ਤਰ੍ਹਾਂ ਅਮੀਰ ਅਤੇ ਗਰੀਬ ਵਿਚਕਾਰ ਸੰਤੁਲਨ ਹੋਰ ਵੀ ਵਿਗੜਨ ਲੱਗਿਆ। ਸਮਾਜ ਦੇ ਮੈਂਬਰ ਆਰਥਿਕ ਤੌਰ ]ਤੇ ਇੱਧਰ-ਉੱਧਰ ਚਲੇ ਗਏ ਤੇ ਵਰਗਾਂ ਦਾ ਨਿਰਮਾਣ ਹੋ ਗਿਆ।

ਇਸ ਪ੍ਰਕਾਰ ਹੌਲੀ ਹੌਲੀ ਵਰਗਾਂ ਦਾ ਨਿਰਮਾਣ ਸਮਾਜ ਵਿੱਚ ਹੁੰਦਾ ਚਲਿਆ ਗਿਆ ਤੇ ਅੱਜ ਪੈਸੇ ਅਤੇ ਰੁਤਬੇ ਦੇ ਅਧਾਰ ]ਤੇ ਸਮਾਜ ਵਿੱਚ ਕਈ ਵਰਗ ਹਨ ਜੋ ਕਿ ਸਮਾਜਿਕ ਸਤਰੀਕਰਨ ਦਾ ਅਧਾਰ ਹਨ।

### 8. ਸਤਰੀਕਰਨ ਤੇ ਧਰਮ

ਧਰਮ ਸਤਰੀਕਰਨ ਸਮਾਜ ਦੀ ਧਾਰਮਿਕ ਵਿਸਵਾਸਾਂ ਤੇ ਧਾਰਨਾਵਾਂ ਦੇ ਅਧਾਰਿਤ ਸਮਾਜਿਕ ਵੰਡ ਹੈ। ਧਰਮ ਤੇ ਸਮਾਜਿਕ ਸਤਰੀਕਰਨ ਦਾ ਰਿਸਤਾ ਬੜਾ ਜਟਿੱਲ ਹੈ। ਧਾਰਮਿਕ ਸਤਰੀਕਰਨ ਉਦੋਂ ਅਸਤਿਤਵ ਵਿੱਚ ਆਉਂਦਾ ਹੈ ਜਦੋਂ ਕੁਝ ਧਰਮਾ ਦੇ ਮੈਂਬਰਾਂ ਕੋਲ ਦੂਜੇ ਧਰਮ ਦੇ ਮੈਂਬਰਾਂ ਨਾਲੋਂ ਜਿਆਦਾ ਪੈਸਾ, ਰੁਤਬਾ, ਸਾਂਨ ਤੇ ਦੂਜੇ ਸਾਧਨ ਹੁੰਦੇ ਹਨ। ਧਰਮ ਤੇ ਸਮਾਜਿਕ ਸਤਰੀਕਰਨ ਦਾ ਰਿਸਤਾ ਲੰਬੇ ਸਮੇਂ ਤੋਂ ਦੇਖਿਆ ਜਾ ਰਿਹਾ ਹੈ ਕਿਉਂਕਿ ਧਰਮ ਸਮਾਜਿਕ ਸਤਰੀਕਰਨ ਨੂੰ ਸੁਰੂ ਤੋਂ ਹੀ ਪ੍ਰਭਾਵਿਤ ਕਰਦਾ ਆ ਰਿਹਾ ਹੈ। ਧਾਰਮਿਕ ਸਤਰੀਕਰਨ ਦੇ ਵਿਕਾਸ ਲਈ ਚਾਰ ਸਰਤਾਂ ਦਾ ਹੋਣਾ ਜਰੂਰੀ ਹੈ।

- ਧਾਰਮਿਕ ਬਹੁਲਤਾ
- ਧਾਰਮਿਕ ਪੱਖਪਾਤ
- ਮੁਕਾਬਲਾ
- ਵੱਖੋ ਵੱਖ ਸੰਕਤੀ

ਧਾਰਮਿਕ ਬਹੁਲਤਾ ਉਦੋਂ ਹੁੰਦੀ ਹੈ ਜਦੋਂ ਸਮਾਜ ਵਿੱਚ ਬਹੁਤ ਸਾਰੇ ਧਰਮ ਮੌਜੂਦ ਹੋਣ। ਸਧਾਰਨ ਰੂਪ ਵਿੱਚ ਜੇ ਧਾਰਮਿਕ ਬਹੁਲਤਾ ਨਹੀਂ ਹੋਵੇਗੀ ਤਾਂ ਧਰਮ ਦੇ ਅਧਾਰ ]ਤੇ ਸਤਰੀਕਰਨ ਨਹੀਂ ਹੋਵੇਗਾ।

ਦੂਜਾ ਹੈ ਧਾਰਮਿਕ ਪੱਖਪਾਤ। ਜਦੋਂ ਸਮਾਜ ਵਿੱਚ ਦੋ ਧਰਮ ਆਪਸ ਵਿੱਚ ਮਿਲਜੁਲ ਕੇ ਰਹਿੰਦੇ ਹਨ ਤਾਂ ਇੱਕ ਦੂਜੇ ਤੋਂ ਕੁਝ ਨਾ ਕੁਝ ਚੰਗਾ ਹੀ ਗ੍ਰਹਿਣ ਕਰਦੇ ਹਨ ਪਰੰਤੂ ਜਦੋਂ ਸੰਸਾਰ ਪੱਧਰ ]ਤੇ ਉਨ੍ਹਾਂ ਧਰਮਾਂ ਵਿੱਚ ਕੁਝ ਭੇਦਭਾਵ ਹੋ ਜਾਣ ਤਾਂ ਉਨ੍ਹਾਂ ਵਿੱਚੋਂ ਇੱਕ ਸ੍ਰੇਸ਼ਠ (Superior) ਅਤੇ ਦੂਜਾ ਘਟੀਆ (inferior) ਮਹਿਸੂਸ ਕਰੇਗਾ।

ਉਸ ਤੋਂ ਬਾਅਦ ਹੈ-ਮੁਕਾਬਲਾ। ਜੇਕਰ ਦੋਹੇ ਧਰਮਾਂ ਵਿੱਚ ਕਿਸੇ ਗੱਲ ਨੂੰ ਲੈ ਕੇ ਮੁਕਾਬਲਾ ਹੈ ਤਾਂ ਸਤਰੀਕਰਨ ਹੋਣਾ ਸੁਭਾਵਿਕ ਹੈ।
ਹਰ ਧਰਮ ਦੇ ਆਪੋ ਆਪਣੇ ਸਿਧਾਂਤ ਹੁੰਦੇ ਹਨ, ਜਿਨ੍ਹਾਂ ਅਨੁਸਾਰ ਹਰ ਧਰਮ ਆਪਣੀ ਸੰਕਤੀ ਨਿਰਧਾਰਿਤ ਕਰਦਾ ਹੈ, ਜਿਸ ਕਰਕੇ ਲੋਕ ਉਸ ਵਿਸੇਸ਼ ਧਰਮ ਵੱਲ ਨੂੰ ਆਕਰਸਿਤ ਹੁੰਦੇ ਹਨ। ਲੋਕਾਂ ਦਾ ਵੱਖੋ ਵੱਖਰੇ ਧਰਮ ਵੱਲ ਨੂੰ ਆਕਰਸਿਤ ਹੋਣਾ ਵੀ ਸਮਾਜਿਕ ਸਤਰੀਕਰਨ ਦਾ ਕਾਰਨ ਬਣ ਸਕਦਾ ਹੈ।

**9. ਸਤਰੀਕਰਨ ਤੇ ਲਿੰਗ (Gender)**

ਕਿਸੇ ਵੀ ਸਮਾਜ ਵਿੱਚ ਵਰਗੀਕਰਨ ਦਾ ਅਧਾਰ ਲਿੰਗ ਹੁੰਦਾ ਹੈ। ਇਹ ਇਕ ਪੁਰਾਤਨ ਅਤੇ ਸਧਾਰਨ ਸਮਾਜਿਕ ਵਰਗੀਕਰਨ ਹੈ। ਆਮ ਤੌਰ ]ਤੇ ਪੁਰਾਣੇ ਅਤੇ ਪੱਛੜੇ ਵਰਗ ਵਿੱਚ ਔਰਤ ਨੂੰ ਘਟੀਆ(inferior) ਅਤੇ ਮਰਦ ਨੂੰ ਸ੍ਰੇਸਠ (Superior) ਮੰਨਿਆ ਗਿਆ ਹੈ। ਮੌਜੂਦਾ ਸਮੇਂ ਵਿੱਚ ਔਰਤ ਨੂੰ ਵੀ ਕਾਫੀ ਸ੍ਰੇਸ਼ਠ ਮੰਨਿਆ ਜਾਂਦਾ ਹੈ ਕਿਉਂਕਿ ਔਰਤ ਨੇ ਹੁਣ ਰਾਜਨੀਤੀ ਅਤੇ ਸਮਾਜਿਕ ਸੰਸਥਾਵਾਂ ਵਿੱਚ ਵੀ ਆਪਣੀ ਅਹਿਮ ਯੋਗਤਾ ਸਾਬਤ ਕਰ ਲਈ ਹੈ। ਇਸ ਤਰ੍ਹਾਂ ਮਰਦ ਜਾਂ ਔਰਤ ਦੀ ਸ੍ਰੇਸਠਤਾ ਦੇ ਅਧਾਰ ]ਤੇ ਵੀ ਸਮਾਜ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ।

**10. ਕੁਦਰਤੀ ਬਨਾਮ ਸਮਾਜਿਕ ਅਸਮਾਨਤਾ**

ਸਮਾਜਿਕ ਅਸਮਾਨਤਾ ਉਦੋਂ ਹੁੰਦੀ ਹੈ ਜਦੋਂ ਸਮਾਜ ਵਿੱਚ ਸਾਧਨ ਸਮਾਨਤਾ ਦੇ ਅਧਾਰ ]ਤੇ ਨਾ ਵੰਡੇ ਜਾਣ। ਸਮਾਜ ਵਿੱਚ ਆਰਥਿਕ ਅਸਮਾਨਤਾ ਉਸ ਸਮੇਂ ਹੁੰਦੀ ਹੈ ਜਦੋਂ ਪੈਸੇ ਦੀ ਅਸਮਾਨ ਵੰਡ ਹੁੰਦੀ ਹੈ। ਆਰਥਿਕ ਅਸਮਾਨਤਾ ਵੀ ਸਮਾਜਿਕ ਅਸਮਾਨਤਾ ਦਾ ਇੱਕ ਰੂਪ ਹੈ। ਅਰਥ ਸਾਂਸਤਰ ਅਤੇ ਸਮਾਜ ਸਾਂਸਤਰ ਦੇ ਵਿਸੇਂ ਮਾਹਰ ਬਹੁਤ ਸਾਰੀਆਂ ਸਿਧਾਂਤਕ ਪਹੁੰਚਾਂ ਦੇ ਨਾਲ ਇਸ ਸੰਬੰਧੀ ਖੋਜਾਂ ਕਰ ਰਹੇ ਹਨ। ਇੱਥੋਂ ਤੱਕ ਕਿ ਕੁਦਰਤੀ ਅਤੇ ਸਮਾਜਿਕ ਸਾਧਨ ਵੀ ਜਿਆਦਾਤਰ ਸਮਾਜਾਂ ਵਿੱਚ ਅਸਮਾਨ ਤੌਰ ]ਤੇ ਵੰਡੇ ਹੁੰਦੇ ਹਨ ਅਤੇ ਸਮਾਜਿਕ ਰੁਤਬੇ ਨੂੰ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ। ਕੁਦਰਤੀ ਅਸਮਾਨਤਾ ਨੂੰ ਅਸੀਂ ਉਮਰ, ਸਿਹਤ ਅਤੇ ਹੋਰ ਭੌਤਿਕ ਵਿਸੇਸਤਾਈਆਂ ਵਿੱਚ ਵਖਰੇਵਿਆਂ ਆਦਿ ਦੇ ਪੱਖ ਤੋਂ ਵੀ ਦੇਖ ਸਕਦੇ ਹਾਂ। ਸਮਾਜਿਕ ਅਸਮਾਨਤਾ ਨੂੰ ਅਸੀਂ ਜਾਤੀ ਅਸਮਾਨਤਾ, ਲਿੰਗ ਅਸਮਾਨਤਾ, ਨੈਤਿਕ ਅਸਮਾਨਤਾ ਅਤੇ ਹੋਰ ਦੂਜੇ ਰੁਤਬੇ ਦੀਆਂ ਵਿਸੇਸੰਤਾਵਾਂ ਨਾਲ ਜੋੜ ਕੇ ਦੇਖ ਸਕਦੇ ਹਾਂ।

### 1.3.6 ਸਿੱਟਾ

ਕੁਦਰਤ ਨੇ ਸਾਰੇ ਮਨੁੱਖਾਂ ਨੂੰ ਇੱਕ ਸਮਾਨ ਬਣਾਇਆ ਹੈ। ਜੈਵਿਕ ਭਿੰਨਤਾਵਾਂ ਹੋਣਾ ਵੱਖਰੀ ਗੱਲ ਹੈ। ਭਾਵ ਮਰਦ ਦੀ ਸਰੀਰਕ ਸੰਕਤੀ ਔਰਤ ਤੋਂ ਵੱਧ ਹੋ ਸਕਦੀ ਹੈ, ਇਹ ਕੁਦਰਤੀ ਹੈ। ਕਿਸੇ ਵੀ ਬੱਚੇ ਦਾ ਜਨਮ ਕਿਸੇ ਵੀ ਜਾਤ, ਨਸਲ ਜਾਂ ਧਰਮ ਵਿੱਚ ਹੋ ਸਕਦਾ ਹੈ। ਇਨ੍ਹਾਂ ਤੱਤਾਂ ਦੇ ਅਧਾਰ ]ਤੇ ਸਮਾਜ ਦੇ ਇੱਕ ਵਰਗ ਦਾ ਦੂਜੇ ਵਰਗ ਨਾਲ ਵਿਤਕਰਾ ਕਰਨਾ ਠੀਕ ਨਹੀਂ। ਕੁਦਰਤ ਸਭ ਨਾਲ ਇਕੋ ਜਿਹਾ ਵਤੀਰਾ ਕਰਦੀ ਹੈ, ਇਸ ਲਈ ਸਮਾਜ ਵਿੱਚ ਅਸਮਾਨਤਾਵਾਂ ਨਹੀਂ ਹੋਣੀਆਂ ਚਾਹੀਦੀਆਂ।

**1.3.7 ਮੁੱਖ ਸੰਕਲਪ:** ਸਮਾਜਿਕ ਦਰਜਾਬੰਦੀ- ਸਮਾਜਿਕ ਦਰਜਾਬੰਦੀ ਤੋ ਭਾਵ ਸਮਾਜ ਦੇ ਇਕ ਹਿਸੇ ਦਾ ਵੱਖ ਵੱਖ ਜੁੱਟਾਂ ਵਿਚ ਟੁੱਟ ਜਾਣਾ।

### 1.3.8 ਸੁਝਾਏ ਪ੍ਰਸ਼ਨ

1) ਸਮਾਜਿਕ ਦਰਜਬੰਦੀ ਤੋਜ਼ ਕੀ ਭਾਵ ਹੈ? ਸਮਾਜਿਕ ਦਰਜਾਬੰਦੀ ਦੇ ਆਧਾਰ ਦੇ ਚਰਚਾ ਕਰੋ।
2) ਸਮਾਜਿਕ ਦਰਜਾਬੰਦੀ ਦੀਆਂ ਵਿਸ਼ੇਸ਼ਤਾਵਾਂ ਤੇ ਨੋਟ ਲਿਖੋ।

### 1.3.9 ਸਵੈ ਮੁਲਾਂਕਣ

1) ਸਮਾਜਿਕ ਦਰਜਾਬੰਦੀ............ਦਾ ਇਕ ਵਿਸੇਸ ਰੂਪ ਹੈ।
2) ਸਮਾਜਿਕ ਦਰਜਾਬੰਦੀ ਸਮਾਜ ਨੂੰ........... ਭਾਗ ਵਿਚ ਵੰਡਦੀ ਹੈ।
3) ਭਾਰਤੀ ਦੀ ...........ਯੋਜਨਾਬੰਦ ਸਮਾਜਿਕ ਸਤਰੀਕਰਣ ਦੀ ਇਕ ਉਦਾਹਰਣ ਹੈ।
4) ਸੰਸਾਰ ਦੀ ਕੋਈ ਵੀ ਸਮਾਜ ਆਜਿਹਾ ਨਹੀ ਹੈ। ਜ਼ੋ ਕਿ ..........ਤੋ ਮੁਕਤ ਹੈ।

ਉਤਰ: 1. ਸਮਾਜਿਕ ਸਮਾਨਤਾ 2. ਸਮਤਲ 3. ਜਾਤੀ 4. ਸਤਰੀਕਰਣ

### 1.3.10 ਸੁਝਾਈਆਂ ਪੁਸਤਕਾਂ

1. ਪਰਸਪੈਕਟਿਵ ਇਨ ਸੋਸ਼ੋਲੋਜ਼ੀਕਰਲ ਫਾਉਡੇਸਜ਼ਨ: ਕੇ. ਪੀ. ਪਾਡੇ ਆਫਜ਼ ਐਜ਼ੂਕੇਸਜ਼ਨ
2. ਸਿੱਖਿਆ ਦੇ ਦਾਰਸ਼ਨਿਕ ਅਤੇ ਸਮਾਜਿਕ ਅਧਾਰ : ਡਾ. ਟੀ.ਐਸ ਸੋਡੀ ਅਤੇ ਡਾ. ਹਰਿੰਦਰ ਕੌਰ ਸੋਢੀ

Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.